ਨਗਰ ਨਿਗਮ ਜਲੰਧਰ



ਨਗਰ ਨਿਗਮ ਹਾਊਸ ਦੀ ਮੀਟਿੰਗ ਮਿਤੀ **5-3-2018** ਦੀ ਕਾਰਵਾਈ

(ਮਤਾ ਨੰ: **1-36**)

ਨਗਰ ਨਿਗਮ ਜਲੰਧਰ ਹਾਊਸ ਮੀਟਿੰਗ ਮਿਤੀ 5.03.2018 ਨੂੰ ਹੋਈ ਦੀ ਕਾਰਵਾਈ ।

ਮਿਤੀ 5.03.2018 ਨੂੰ ਨਗਰ ਨਿਗਮ ਹਾਊਸ ਦੀ ਜਨਰਲ ਮੀਟਿੰਗ ਸਮਾਂ ਬਾਅਦ ਦੁਪਹਿਰ 3:00 ਵਜੇ ਡਾ: ਬੀ.ਆਰ. ਅੰਬੇਦਕਰ ਪ੍ਰਸ਼ਾਸਕੀ ਕੰਪਲੈਕਸ, ਦੂਸਰੀ ਮੰਜਿਲ, ਮੀਟਿੰਗ ਹਾਲ, ਨਗਰ ਨਿਗਮ, ਨਹਿਰੂ ਗਾਰਡਨ ਵਿਖੇ ਹੋਈ, ਜਿਸ ਵਿਚ ਹੇਠ ਲਿਖੇ ਅਨੁਸਾਰ ਹਾਜਰ ਹੋਏ:-

ਲੜੀ ਨੰ:	ਵਾਰਡ ਨੰ:	ਨਾਮ
1.	48	ਸ਼੍ਰੀ ਜਗਦੀਸ਼ ਰਾਜ ਰਾਜਾ, ਮੇਅਰ
2.	39	ਸ਼੍ਰੀਮਤੀ ਸੁਰਿੰਦਰ ਕੌਰ, ਸੀਨੀਅਰ ਡਿਪਟੀ ਮੇਅਰ
3.	44	ਸ਼੍ਰੀ ਹਰਸਿਮਰਨਜੀਤ, ਡਿਪਟੀ ਮੇਅਰ
4.	2	ਸ਼੍ਰੀ ਸੁਸ਼ੀਲ ਕੁਮਾਰ, ਕੌਂਸਲਰ
5.	3	ਸ਼੍ਰੀਮਤੀ ਰਿਸ਼ਾ ਸੈਣੀ, ਕੌਂਸਲਰ
6.	4	ਸ਼੍ਰੀ ਪਰਮਜੀਤ ਸਿੰਘ, ਕੌਂਸਲਰ
7.	5	ਸ਼੍ਰੀਮਤੀ ਬਲਜਿੰਦਰ ਕੌਰ, ਕੌਂਸਲਰ
8.	6	ਸ਼੍ਰੀ ਨਿਰਮਲ ਸਿੰਘ, ਕੌਂਸਲਰ
9.	7	ਸ੍ਰੀਮਤੀ ਨੀਲਮ, ਕੌਂਸਲਰ
10.	8	ਸ਼੍ਰੀ ਜੇ.ਪੀ ਸ਼ਮਸ਼ੇਰ ਖਹਿਰਾ, ਕੌਂਸਲਰ
11.	10	ਸ਼੍ਰੀ ਮਨਦੀਪ ਕੁਮਾਰ ਜੱਸਲ, ਕੌਂਸਲਰ
12.	11	ਸ਼੍ਰੀਮਤੀ ਪ੍ਰਵੀਨਾ, ਕੌਂਸਲਰ
13.	12	ਸ਼੍ਰੀ ਜਗਦੀਸ਼ ਕੁਮਾਰ, ਕੌਂਸਲਰ
14.	13	ਸ਼੍ਰੀਮਤੀ ਬਿਮਲਾ ਰਾਨੀ, ਕੌਂਸਲਰ
15.	14	ਸ਼੍ਰੀ ਮਨਜਿੰਦਰ ਸਿੰਘ ਚੱਠਾ, ਕੌਂਸਲਰ
16.	15	ਸ਼੍ਰੀਮਤੀ ਡੋਲੀ, ਕੌਂਸਲਰ
17.	16	ਸ਼੍ਰੀ ਮਨਮੋਹਣ ਸਿੰਘ, ਕੌਂਸਲਰ
18.	17	ਸ਼੍ਰੀਮਤੀ ਸ਼ੈਲੀ ਖੰਨਾਂ, ਕੌਂਸਲਰ
19.	18	ਸ਼੍ਰੀ ਬਲਜੀਤ ਸਿੰਘ ਥਿੰਦ, ਕੌਂਸਲਰ
20.	20	ਸ੍ਰੀਮਤੀ ਜਸਲੀਨ ਸੇਠੀ, ਕੌਂਸਲਰ
21.	21	ਸ਼੍ਰੀਮਤੀ ਮਨਜੀਤ ਕੌਰ, ਕੌਂਸਲਰ
22.	22	ਸ਼੍ਰੀ ਪ੍ਰੱਭਦਿਆਲ, ਕੌਂਸਲਰ
23.	23	ਸ਼੍ਰੀਮਤੀ ਨੀਰਜਾ ਜੈਨ, ਕੌਂਸਲਰ
24.	24	ਸ਼੍ਰੀ ਰਜਿੰਦਰ ਕੁਮਾਰ ਜੁਨੇਜਾ, ਕੌਂਸਲਰ
25.	25	ਸ਼੍ਰੀਮਤੀ ਸਰਬਜੀਤ ਕੌਰ, ਕੌਂਸਲਰ
26.	26	ਸ਼੍ਰੀ ਰੋਹਨ ਸਹਿਗਲ, ਕੌਂਸਲਰ
27.	27	ਸ਼੍ਰੀਮਤੀ ਅਰੁਣਾ ਅਰੋੜਾ, ਕੌਂਸਲਰ
28.	28	ਸ਼੍ਰੀ ਬਲਰਾਜ ਠਾਕੁਰ, ਕੌਂਸਲਰ
29.	29	ਸ਼੍ਰੀਮਤੀ ਪਰਮਜੀਤ ਕੌਰ ਬਾਗੜੀ, ਕੌਂਸਲਰ
30.	30	ਸ਼੍ਰੀ ਪਵਨ ਕੁਮਾਰ, ਕੌਂਸਲਰ
31.	31	ਸ਼੍ਰੀਮਤੀ ਹਰਸ਼ਰਨ ਕੌਰ, ਕੌਂਸਲਰ
32.	32	ਸ਼੍ਰੀ ਸੁੱਚਾ ਸਿੰਘ, ਕੌਂਸਲਰ
33.	33	ਸ਼੍ਰੀਮਤੀ ਕਮਲਾ ਰਾਣੀ , ਕੌਂਸਲਰ
34.	34	ਸ਼੍ਰੀ ਤਰਸੇਮ ਸਿੰਘ, ਕੌਂਸਲਰ
35.	35	ਸ਼੍ਰੀਮਤੀ ਗੀਤਾ ਰਾਣੀ, ਕੌਂਸਲਰ
36.	36	ਸ਼੍ਰੀ ਬਚਨ ਲਾਲ, ਕੌਂਸਲਰ
37.	37	ਸ਼੍ਰੀਮਤੀ ਕਮਲੇਸ਼ ਗਰੋਵਰ, ਕੌਂਸਲਰ
38.	38	ਸ਼੍ਰੀ ਓਮਕਾਰ ਰਜੀਵ, ਕੌਂਸਲਰ
39.	40	ਸ਼੍ਰੀ ਵਰੇਸ਼ ਕੁਮਾਰ, ਕੌਂਸਲਰ
40.	41	ਸ਼੍ਰੀਮਤੀ ਅਨੀਤਾ, ਕੌਂਸਲਰ
41.	42	ਸ਼੍ਰੀਮਤੀ ਸੁਨੀਤਾ, ਕੌਂਸਲਰ
42.	43	ਸ਼੍ਰੀਮਤੀ ਬਬੀਤਾ ਰਾਣੀ, ਕੌਂਸਲਰ
43.	45	ਸ਼੍ਰੀਮਤੀ ਜਸਪਾਲ ਕੌਰ, ਕੌਂਸਲਰ
44.	46	ਸ਼੍ਰੀਮਤੀ ਅਨੀਤਾ, ਕੌਂਸਲਰ
45.	47	ਸ਼੍ਰੀਮਤੀ ਬਲਵਿੰਦਰ ਕੌਰ, ਕੌਂਸਲਰ
46.	49	ਸ਼੍ਰੀਮਤੀ ਅਨੀਤਾ ਰਾਜਾ, ਕੌਂਸਲਰ
47.	50	ਸ਼੍ਰੀ ਪਰਮਜੋਤ ਸਿੰਘ, ਕੌਂਸਲਰ
48.	51	ਸ਼੍ਰੀਮਤੀ ਰਾਧਿਕਾ ਪਾਠਕ, ਕੌਂਸਲਰ
49.	52	ਸ਼੍ਰੀ ਵਿਪਨ ਕੁਮਾਰ ਚੱਡਾ, ਕੌਂਸਲਰ
50.	53	ਸ਼੍ਰੀਮਤੀ ਰਜਨੀ ਬਾਹਰੀ, ਕੌਂਸਲਰ
51.	54	ਸ਼੍ਰੀਮਤੀ ਰੀਟਾ ਸ਼ਰਮਾ, ਕੌਂਸਲਰ

52.	55	ਸ਼੍ਰੀਮਤੀ ਵੰਦਨਾ, ਕੌਂਸਲਰ
53.	56	ਸ਼੍ਰੀ ਪੱਲੀ ਅੱਪਨ, ਕੌਂਸਲਰ
54.	57	ਸ਼੍ਰੀਮਤੀ ਰਜਨੀ ਮੱਟੂ, ਕੌਂਸਲਰ
55.	58	ਸ਼੍ਰੀ ਰਾਜਵਿੰਦਰ ਸਿੰਘ ਰਾਜਾ, ਕੌਂਸਲਰ
56.	59	ਸ਼੍ਰੀਮਤੀ ਰੀਨਾ, ਕੌਂਸਲਰ
57.	60	ਸ਼੍ਰੀ ਅਵਤਾਰ ਸਿੰਘ, ਕੌਂਸਲਰ
58.	61	ਸ਼੍ਰੀਮਤੀ ਰਿਸ਼ਮਾ ਖੋਸਲਾ, ਕੌਂਸਲਰ
59.	63	ਸ਼੍ਰੀਮਤੀ ਜਸਵਿੰਦਰ ਕੌਰ, ਕੌਂਸਲਰ
60.	64	ਸ਼੍ਰੀ ਸੁਸ਼ੀਲ ਕਾਲੀਆ, ਕੌਂਸਲਰ
61.	65	ਸ਼੍ਰੀਮਤੀ ਅੰਜਲੀ , ਕੌਂਸਲਰ
62.	66	ਸ਼੍ਰੀ ਦਵਿੰਦਰ ਸਿੰਘ, ਕੌਂਸਲਰ
63.	67	ਸ਼੍ਰੀਮਤੀ ਕਵਲਜੀਤ ਕੌਰ ਗੁੱਲ, ਕੌਂਸਲਰ
64.	68	ਸ਼੍ਰੀ ਗੁਰਵਿੰਦਰਪਾਲ ਸਿੰਘ ਬੰਟੀ ਨੀਲ ਕੰਠ, ਕੌਂਸਲਰ
65.	69	ਸ਼੍ਰੀਮਤੀ ਸਰਫੋ ਦੇਵੀ, ਕੌਂਸਲਰ
66.	70	ਸ਼੍ਰੀ ਗਿਆਨ ਚੰਦ, ਕੌਂਸਲਰ
67.	71	ਸ਼੍ਰੀਮਤੀ ਸਤਿੰਦਰਜੀਤ ਕੌਰ, ਕੌਂਸਲਰ
68.	72	ਸ਼੍ਰੀ ਮਿੰਟੂ, ਕੌਂਸਲਰ
69.	73	ਸ਼੍ਰੀਮਤੀ ਚੰਦਰਜੀਤ ਕੌਰ ਸੰਧਾ, ਕੌਂਸਲਰ
70.	74	ਸ਼੍ਰੀ ਮਦਨ ਲਾਲ, ਕੌਂਸਲਰ
71.	75	ਸ਼੍ਰੀਮਤੀ ਅਨੀਤਾ ਰਾਣੀ, ਕੌਂਸਲਰ
72.	76	ਸ਼੍ਰੀ ਲਖਵੀਰ ਸਿੰਘ, ਕੌਂਸਲਰ
73.	77	ਸ਼੍ਰੀਮਤੀ ਸ਼ਵੇਤਾ ਧੀਰ, ਕੌਂਸਲਰ
74.	78	ਸ਼੍ਰੀ ਜਗਦੀਸ਼ ਰਾਮ, ਕੌਂਸਲਰ
75.	79	ਸ਼੍ਰੀਮਤੀ ਜਸਪਾਲ ਕੌਰ ਨਾਗਰਾ, ਕੌਂਸਲਰ

ਕੁਲ ਹਾਜ਼ਰ ਮੈਂਬਰ: 75

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
5.3.2018

ਮੀਟਿੰਗ ਸੁਰੂ ਹੋਣ ਤੇ ਮੇਅਰ ਜੀ ਵਲੋਂ ਸਮੂਹ ਹਾਊਸ ਨੂੰ ਸੰਬੋਧਤ ਕਰਦਿਆਂ ਕਿਹਾ ਕਿ ਨਗਰ ਨਿਗਮ ਜਲੰਧਰ ਦੀ ਅੱਜ ਦੀ ਹਾਊਸ ਦੀ ਮੀਟਿੰਗ ਵਿੱਚ ਮੈਂ ਨਗਰ ਨਿਗਮ ਕਮਿਸ਼ਨਰ ਸ੍ਰੀ ਬਸੰਤ ਗਰਗ ਜੀ, ਸੀਨਿਅਰ ਡਿਪਟੀ ਮੇਅਰ ਸ੍ਰੀਮਤੀ ਸੁਰਿੰਦਰ ਕੌਰ ਜੀ, ਡਿਪਟੀ ਮੇਅਰ ਸ੍ਰੀ ਹਰਸਿਮਰਨਜੀਤ ਬੰਟੀ ਜੀ, ਸਾਰੇ ਆਏ ਹੋਏ ਕੌਂਸਲਰ ਸਾਥੀਆਂ ਨੂੰ , ਮੀਡੀਆ ਤੋਂ ਆਏ ਹੋਏ ਨੁਮਾਇੰਦਿਆਂ ਨੂੰ ਜੀ ਆਇਆ ਆਖ਼ਦਾ ਹਾਂ ਅਤੇ ਸਮੂਹ ਕੌਂਸਲਰ ਜਿਹੜੇ ਕਿ ਆਪਣੇ ਆਪਣੇ ਵਾਰਡਾਂ ਤੋਂ ਜਿੱਤ ਕੇ ਆਏ ਹਨ, ਨੂੰ ਬਹੁਤ ਬਹੁਤ ਵਧਾਈ ਦਿੰਦਾ ਹਾਂ । ਅੱਜ ਦੀ ਇਸ ਮੀਟਿੰਗ ਵਿੱਚ ਮੈਂ ਸਮੂਹ ਕੌਂਸਲਰਾਂ ਨੂੰ ਇਹ ਵਿਸ਼ਵਾਸ ਦਿਵਾਉਂਦਾ ਹਾਂ ਕਿ ਅਸੀਂ ਰਲ ਕੇ ਜਲੰਧਰ ਸ਼ਹਿਰ ਦੇ ਵਿਕਾਸ ਲਈ ਪੂਰਾ ਪੂਰਾ ਇੱਕ-ਦੂਜੇ ਨੂੰ ਸਹਿਯੋਗ ਦੇਵਾਂਗੇ ਅਤੇ ਜਲੰਧਰ ਸ਼ਹਿਰ ਨੂੰ ਪੰਜਾਬ ਦਾ ਇੱਕ ਖੂਬਸੂਰਤ ਅਤੇ ਮਾਡਲ ਸ਼ਹਿਰ ਬਨਾਵਾਂਗੇ । ਬਾਕੀ ਦੀ ਮੀਟਿੰਗ ਦੀ ਕਾਰਵਾਈ ਸੁਰੂ ਕਰਨ ਤੋਂ ਪਹਿਲਾਂ ਮੈਂ ਕੁਝ ਮਹਾਨ ਸ਼ਖਸੀਅਤਾਂ ਜਿਹੜੀਆਂ ਸਾਡੇ ਤੋਂ ਪਿਛਲੇ ਦਿਨੀਂ ਵਿਛੜ ਗਈਆਂ ਹਨ, ਉਹਨਾਂ ਪ੍ਰਤੀ ਸ਼ੋਕ ਪ੍ਰਸਤਾਵ ਪਾਸ ਕਰਨਾ ਚਾਹੁੰਦਾ ਹਾਂ ਜਿਨ੍ਹਾਂ ਵਿੱਚ ਸ੍ਰੀ ਸਰਦੂਲ ਸਿੰਘ ਬੰਡਾਲਾ, ਸਾਬਕਾ ਐਮ.ਐਲ.ਏ. ਜੰਡਿਆਲਾ, ਸ੍ਰੀ ਅਜੀਤ ਸਿੰਘ ਕੋਹਾੜ, ਐਮ.ਐਲ.ਏ. ਸ਼ਾਹਕੋਟ, ਸ੍ਰੀ ਮਨਜੀਤ ਸਿੰਘ ਕਲਕੱਤਾ, ਸਕੱਤਰ ਐਸ.ਜੀ.ਪੀ.ਸੀ., ਸ੍ਰੀਮਤੀ ਸਤਿਆ ਦੇਵੀ ਜਠਾਨੀ ਸ੍ਰੀਮਤੀ ਸੁਰਿੰਦਰ ਕੌਰ, ਸੀਨਿਅਰ ਡਿਪਟੀ ਮੇਅਰ, ਸ੍ਰੀ ਮਨੋਜ਼ ਪਾਠਕ, ਦੇਵਰ ਸ੍ਰੀਮਤੀ ਰਾਧਿਕਾ ਪਾਠਕ, ਕੌਂਸਲਰ ਸ਼ਾਮਲ ਹਨ । ਮੈਂ ਸਾਰਿਆਂ ਨੂੰ ਬੇਨਤੀ ਕਰਦਾ ਹਾਂ ਕਿ ਇਹਨਾਂ ਸ਼ਖਸੀਅਤਾਂ ਦੀ ਰੂਹ ਦੀ ਸ਼ਾਂਤੀ ਲਈ ਅਸੀਂ ਸਾਰੇ ਖੜੇ ਹੋ ਕੇ ਦੋ ਮਿੰਟ ਦਾ ਮੌਨ ਧਾਰਨ ਕਰੀਏ ।ਜਿਸ ਤੇ ਸਮੂਹ ਹਾਊਸ ਵਲੋਂ ਖੜੇ ਹੋ ਕੇ ਦੋ ਮਿੰਟ ਦਾ ਮੌਣ ਧਾਰਣ ਕੀਤਾ ਗਿਆ ।

ਇਸ ਉਪਰੰਤ ਮੇਅਰ ਜੀ ਵਲੋਂ ਆਦੇਸ਼ ਦਿੱਤੇ ਗਏ ਕਿ ਮੀਟਿੰਗ 10 ਮਿੰਟ ਲਈ ਮੁਲਤਵੀ ਕੀਤੀ ਜਾਂਦੀ ਹੈ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
5.3.2018

ਦੋਬਾਰਾ ਮੀਟਿੰਗ 3.40 ਮਿੰਟ ਤੇ ਸੁਰੂ ਹੋਈ । ਸਭ ਤੋਂ ਪਹਿਲਾਂ ਮੇਅਰ ਜੀ ਨੇ ਸਮੂਹ ਕੌਂਸਲਰਾਂ ਨੂੰ ਆਪਣੇ ਜਾਨ-ਪਛਾਣ ਕਰਵਾਉਣ ਲਈ ਕਿਹਾ ਜਿਸ ਤੇ ਸਮੂਹ ਮੈਂਬਰਾਂ ਨੇ ਆਪਣਾ ਨਾਂਮ, ਵਾਰਡ ਨੰ: ਅਤੇ ਪਾਰਟੀ ਬਾਰੇ ਜਾਣੂ ਕਰਵਾਇਆ ਗਿਆ ।

ਇਸ ਉਪਰੰਤ ਮੇਅਰ ਜੀ ਨੇ ਕਿਹਾ ਕਿ ਜਿਹੜੀਆਂ ਸੱਮਸਿਆਵਾਂ ਜਿਵੇਂ ਕਿ ਸਫਾਈ, ਸੀਵਰੇਜ਼ ਪਾਣੀ ਆਦਿ ਦੀ ਸਾਰਿਆਂ ਦੀ ਹੀ ਹੈ, ਅਤੇ ਅਗਲੀ ਮੀਟਿੰਗ ਵਿੱਚ ਅਸੀਂ ਸਾਰਿਆਂ ਦੀ ਗੱਲ ਸੁਣਾਂਗੇ ਪਰ ਅੱਜ ਸਿਰਫ ਕੁਝ ਖਾਸ ਮੁੱਦਿਆਂ ਤੇ ਹੀ ਜੇਕਰ ਕੌਂਸਲਰ ਬੋਲਣ ਤਾਂ ਚੰਗਾ ਹੋਵੇਗਾ ਕਿਉਂ ਕਿ ਸਾਨੂੰ ਅਜੇ ਇੰਨਾਂ ਸਮਾਂ ਨਹੀਂ ਮਿਲਿਆ ਕਿ ਅਸੀਂ ਇਸ ਬਾਬਤ ਪਲੈਨਿੰਗ ਕਰ ਸਕੀਏ । ਉਹ ਕਮਿਸ਼ਨਰ ਜੀ ਅਤੇ ਬਾਕੀ ਕੌਂਸਲਰਾਂ ਨਾਲ ਬੈਠ ਕੇ ਇਹਨਾਂ ਸਮੱਸਿਆਵਾਂ ਸਬੰਧੀ ਪਲੈਨਿੰਗ ਜਲਦ ਕਰ ਲੈਣਗੇ। ਉਹਨਾਂ ਕਿਹਾ ਕਿ ਪਿਛਲੇ ਹਾਊਸ ਵਿੱਚ ਕਿਸੇ ਕੌਂਸਲਰ ਨੂੰ ਸੁਣਿਆਂ ਨਹੀਂ ਜਾਂਦਾ ਸੀ ਅਤੇ ਰੋਲੇ ਰੱਪੇ ਪਾ ਕੇ ਹੀ ਮੀਟਿੰਗ ਖ਼ਤਮ ਕਰ ਦਿੱਤੀ ਜਾਂਦੀ ਸੀ । ਉਹਨਾਂ ਇਹ ਵੀ ਕਿਹਾ ਕਿ ਪਿਛਲੇ ਹਾਊਸ ਦੀਆਂ ਮੀਟਿੰਗਾਂ ਤੋਂ ਸਾਰੇ ਜਾਣੂ ਹਨ ਕਿ ਕਿਵੇਂ ਜ਼ੀਰੋ ਆਵਰ ਲਈ ਸਾਨੂੰ ਬਹਿਸ ਕਰਨੀ ਪੈਂਦੀ ਸੀ । ਪਰ ਉਹ ਇੰਝ ਨਹੀਂ ਹੋਣ ਦੇਣਗੇ ਅਤੇ ਹਰ ਮਹੀਨੇ ਹਾਊਸ ਦੀ ਮੀਟਿੰਗ ਕਰਿਆ ਕਰਨਗੇ ਤਾਂ ਜ਼ੋ ਲੋਕਾਂ ਦੀਆਂ ਸੱਮਸਿਆਵਾਂ

ਸਬੰਧੀ ਸਾਰੇ ਕੌਂਸਲਰ ਆਪਣਾ ਪੱਖ ਹਾਊਸ ਅੱਗੇ ਰੱਖ ਸਕਣ । ਉਹਨਾਂ ਮੁੜ ਕਿਹਾ ਕਿ ਅੱਜ ਸਿਰਫ ਅਜੰਡੇ ਤੇ ਹੀ ਵਿਚਾਰ ਕੀਤਾ ਜਾਵੇ ਪ੍ਰੰਤੂ ਫਿਰ ਵੀ ਜੇਕਰ ਕਿਸੇ ਕੌਂਸਲਰ ਨੇ ਕੋਈ ਗੱਲ ਕਰਨੀ ਹੈ ਤਾਂ ਉਹ ਰੋਕਣਗੇ ਨਹੀਂ ।ਇਸ ਉਪਰੰਤ ਉਹਨਾਂ ਵਿਰੋਧੀ ਧਿਰ ਨੂੰ ਪਹਿਲਾਂ ਬੋਲਣ ਲਈ ਆਦੇਸ਼ ਦਿੱਤੇ ।

ਸ੍ਰੀ ਪਰਮਜੀਤ ਸਿੰਘ ਰੇਰੂ, ਕੌਂਸਲਰ ਵਲੋਂ ਮੇਅਰ, ਸੀਨਿਅਰ ਡਿਪਟੀ ਮੇਅਰ, ਡਿਪਟੀ ਮੇਅਰ ਅਤੇ ਸਾਰੇ ਕੌਂਸਲਰਾਂ ਨੂੰ ਵਧਾਈ ਦਿੱਤੀ ਅਤੇ ਕਿਹਾ ਉਹਨਾਂ ਦੇ ਵਾਰਡ ਵਿੱਚ ਪੈਂਦੇ ਇਲਾਕੇ ਰਮਨੀਕ ਐਵੇਨਿਯੂ ਦੀ ਸੀਵਰੇਜ਼ ਦੀ ਲਾਈਨ ਨੂੰ ਬੁਲੰਦਪੁਰ ਵਾਲੀ ਮੇਨ ਲਾਈਨ ਨਾਲ ਜ਼ੋੜਿਆ ਜਾ ਰਿਹਾ ਹੈ ਜਿਸ ਦਾ ਪਾਣੀ ਜੈਤੇਵਾਲੀ ਐਸ.ਟੀ.ਪੀ. ਨੂੰ ਜਾਵੇਗਾ । ਉਹਨਾਂ ਕਿਹਾ ਕਿ ਉਹਨਾਂ ਦੇ ਬਾਕੀ ਦੇ ਇਲਾਕੇ ਜਿਵੇਂ ਕਿ ਬਚਿੰਤ ਨਗਰ, ਹਰਗੋਬਿੰਦ ਨਗਰ, ਸਰਾਭਾ ਨਗਰ, ਅਤੇ ਰੇਰੂ ਪਿੰਡ ਦਾ ਸੀਵਰ 18 ਕਿਲੋਮੀਟਰ ਦੂਰ ਫੋਲੜੀਵਾਲ ਐਸ.ਟੀ.ਪੀ. ਨੂੰ ਜਾਂਦੀ ਲਾਈਨ ਨਾਲ ਜ਼ੋੜਿਆ ਹੋਇਆ ਹੈ ਜਿਸ ਨਾਲ ਸੀਵਰੇਜ਼ ਦੀ ਸਮੱਸਿਆ ਬਣੀ ਰਹਿੰਦੀ ਹੈ । ਉਹ ਮੰਗ ਕਰਦੇ ਹਨ ਕਿ ਜਿਹੜੀ 90 ਲੱਖ ਦੀ ਲਾਗਤ ਨਾਲ ਜੈਤੇਵਾਲੀ ਐਸ.ਟੀ.ਪੀ. ਨੂੰ ਜਾਂਦੀ ਲਾਈਨ ਦਾ ਕੰਮ ਸ਼ੁਰੂ ਹੋਇਆ ਹੈ ਅਤੇ ਬਚਿੰਤ ਨਗਰ, ਹਰਗੋਬਿੰਦ ਨਗਰ, ਸਰਾਭਾ ਨਗਰ, ਅਤੇ ਰੇਰੂ ਪਿੰਡ ਦੀਆਂ ਸੀਵਰ ਲਾਈਨਾਂ ਵੀ ਇਸ ਲਾਈਨ ਨਾਲ ਜ਼ੋੜ ਦਿੱਤੀਆਂ ਜਾਣ ਕਿਉਂ ਜ਼ੋ ਜੈਤੇਵਾਲੀ ਐਸ.ਟੀ.ਪੀ. ਵਿਖੇ ਪਾਣੀ ਦੀ ਬਹੁਤ ਲੋੜ ਹੈ ।ਅੱਗੇ ਉਹਨਾਂ ਨੇ ਕਿਹਾ ਕਿ ਪਿਛਲੇ ਦਿਨੀਂ ਮੁਲਾਜ਼ਮਾਂ ਨੂੰ ਆਪਣੀਆਂ ਤਨਖ਼ਾਹਾ ਲੈਣ ਲਈ ਹੜਤਾਲ ਕਰਨੀ ਪਈ ਜਿਹੜੀ ਕਿ ਮਾੜੀ ਗੱਲ ਹੈ । ਉਹਨਾਂ ਮੰਗ ਕੀਤੀ ਕਿ ਪਹਿਲਾਂ ਦਰਜਾ ਤਿੰਨ ਅਤੇ ਚਾਰ ਮੁਲਾਜ਼ਮਾਂ ਨੂੰ ਤਨਖ਼ਾਹਾਂ ਦਿੱਤੀਆਂ ਜਾਣ ਅਤੇ ਉਸ ਉਪਰੰਤ ਹੀ ਨਗਰ ਨਿਗਮ ਅਧਿਕਾਰੀਆਂ ਅਤੇ ਕੌਂਸਲਰਾਂ ਨੂੰ ਅਦਾਇਗੀ ਕੀਤੀ ਜਾਵੇ । ਜਿਸ ਤੇ ਸਮੂਹ ਹਾਊਸ ਨੇ ਮੇਜਾਂ ਥਪ-ਥਪਾ ਕੇ ਹਾਮੀ ਭਰੀ । ਉਹਨਾਂ ਕਿਹਾ ਕਿ ਦੱਸਿਆ ਜਾਵੇ ਕਿ ਕੀ ਰੋਡ ਸਵੀਪਿੰਗ ਮਸ਼ੀਨ ਬੰਦ ਹੋ ਗਈ ਹੈ ਕਿਉਂ ਜ਼ੋ ਉਹਨਾਂ ਦੇ ਵਾਰਡਾਂ ਦੀਆਂ ਸੜਕਾਂ ਜਿਹੜੀਆਂ ਇਸ ਮਸ਼ੀਨ ਨਾਲ ਸਾਫ ਕੀਤੀਆਂ ਜਾਂਦੀਆਂ ਸਨ, ਕਾਫੀ ਦੇਰ ਤੋਂ ਸਾਫ ਨਹੀਂ ਹੋਈਆਂ ਜਿਸ ਕਰਕੇ ਉਹਨਾਂ ਸੜਕਾਂ ਦਾ ਕਾਫੀ ਮਾੜਾ ਹਾਲ ਹੈ । ਇਸ ਤੇ ਮੇਅਰ ਜੀ ਨੇ ਕਿਹਾ ਕਿ ਉਹ ਇਸ ਬਾਰੇ ਸਟਡੀ ਕਰ ਰਹੇ ਹਨ ਅਤੇ ਜਲਦ ਹੀ ਇਸ ਬਾਰੇ ਫੈਸਲਾ ਲਿਆ ਜਾਵੇਗਾ। ਸ੍ਰੀ ਪਰਮਜੀਤ ਸਿੰਘ ਰੇਰੂ, ਕੌਂਸਲਰ ਵਲੋਂ ਮੰਗ ਕੀਤੀ ਗਈ ਕਿ ਹਰੇਕ ਵਾਰਡ ਵਿੱਚ ਦੋ-ਦੋ ਸਫਾਈ ਸੇਵਕ ਅਤੇ ਸੀਵਰਮੈਨ ਹੋਰ ਦਿੱਤੇ ਜਾਣ ।ਉਹਨਾਂ ਅੱਗੇ ਕਿਹਾ ਕਿ 6 ਕਰੋੜ ਰੁਪਏ ਦੀ ਲਾਗਤ ਨਾਲ ਸੁਪਰ ਸਕੱਰ ਮਸ਼ੀਨਾਂ ਰਾਹੀਂ ਸੀਵਰੇਜ਼ ਦੀ ਸਫਾਈ ਕਰਵਾਉਣ ਲਈ ਟੈਂਡਰ ਲਗਾਇਆ ਗਿਆ ਸੀ ਪਰ ਇਹ ਮਸ਼ੀਨ ਸਿਰਫ ਮੇਨ ਸੜਕਾਂ ਤੇ ਹੀ ਕੰਮ ਕਰਦੀ ਹੈ। ਉਹਨਾਂ ਨੂੰ ਇਹ ਵੀ ਦੱਸਿਆ ਜਾਵੇ ਕਿ ਪੀ.ਐਮ.ਆਈ.ਡੀ.ਸੀ. ਰਾਹੀਂ ਹਰੇਕ ਹਲਕਾਵਾਈਜ਼ ਕਿੰਨੀ ਗ੍ਰਾਂਟ ਪ੍ਰਾਪਤ ਹੋਈ ਹੈ, ਕਿੰਨੇ ਕੰਮ ਚਲ ਰਹੇ ਹਨ, ਕਿੰਨਿਆਂ ਦੇ ਕੰਮ ਸ਼ੁਰੂ ਹੋਣ ਵਾਲੇ ਹਨ । ਉਹਨਾਂ ਕਿਹਾ ਕਿ ਉਹਨਾਂ ਦੇ ਇਲਾਕੇ ਹਰਗੋਬਿੰਦ ਨਗਰ ਦਾ ਕੰਮ ਰੁਕਿਆ ਪਿਆ ਹੈ । ਐਲ.ਈ.ਡੀ.ਲਾਈਟਾਂ ਦਾ ਵੀ ਕੰਮ ਨਹੀਂ ਹੋ ਰਿਹਾ । ਇਸ ਤੇ ਮੇਅਰ ਜੀ ਨੇ ਕਿਹਾ ਕਿ ਐਲ.ਈ.ਡੀ. ਲਾਈਟਾਂ ਦਾ ਕੰਮ ਕਿਸੇ ਤਕਨੀਕੀ ਕਾਰਣ ਕਰਕੇ ਰੁਕਿਆ ਹੈ, ਜਦ ਇਹ ਤਕਨੀਕੀ ਸੱਮਸਿਆ ਹਲ ਹੋ ਜਾਵੇਗੀ ਤਾਂ ਕੰਮ ਸ਼ੁਰੂ ਹੋ ਜਾਵੇਗਾ । ਉਹਨਾਂ ਕਿਹਾ ਕਿ ਬਚਿੰਤ ਨਗਰ, ਹਰਗੋਬਿੰਦ ਨਗਰ, ਸਰਾਭਾ ਨਗਰ, ਅਤੇ ਰੇਰੂ ਪਿੰਡ ਦੀ ਸੀਵਰੇਜ਼ ਦੀ ਲਾਈਨ ਨੂੰ ਜੈਤੇਵਾਲੀ ਐਸ.ਟੀ.ਪੀ. ਨਾਲ ਜ਼ੋੜਣ, ਸੁਪਰ ਸਕੱਰ ਮਸ਼ੀਨ ਵਾਲੀ ਗੱਲ ਅਤੇ ਪੀ.ਐਮ.ਆਈ.ਡੀ.ਸੀ. ਵਾਲੀ ਗੱਲ ਉਹ ਕਮਿਸ਼ਨਰ ਜੀ ਨੂੰ ਉਹਨਾਂ ਦੇ ਦਫ਼ਤਰ ਜਾ ਕੇ ਪੁੱਛ ਸਕਦੇ ਹਨ । ਰੋਡ ਸਵੀਪਿੰਗ ਮਸ਼ੀਨ ਵਾਲੀ ਗੱਲ ਅਤੇ ਸਫਾਈ ਸੇਵਕਾਂ ਜਾਂ ਸੀਵਰਮੈਨਾਂ ਸਬੰਧੀ ਉਹ ਉਹਨਾਂ ਦੇ ਦਫ਼ਤਰ ਆ ਕੇ ਗੱਲ ਕਰ ਸਕਦੇ ਹਨ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
5.3.2018

ਬਹਿਸ ਵਿੱਚ ਹਿੱਸਾ ਲੈਂਦੇ ਹੋਏ ਸ੍ਰੀ ਸੁਸ਼ੀਲ ਕੁਮਾਰ, ਕੌਂਸਲਰ ਵਲੋਂ ਕਿਹਾ ਗਿਆ ਕਿ ਵਾਰਡਾਂ ਦੇ ਕੰਮਾਂ ਲਈ ਅਫ਼ਸਰ ਕੌਂਸਲਰਾਂ ਨਾਲ ਵਿਤਕਰਾ ਕਰਦੇ ਹਨ । ਅਸੀਂ ਲੋਕਾਂ ਦੇ ਚੁੰਣੇ ਹੋਏ ਨੁਮਾਇੰਦੇ ਹਾਂ । ਉਹਨਾਂ ਕਿਹਾ ਕਿ ਕਾਂਗਰਸ ਪਾਰਟੀ ਨੇ ਨਸ਼ਿਆਂ ਦੇ ਖ਼ਿਲਾਫ ਚੋਣਾਂ ਲੜੀਆਂ ਸਨ, ਦੱਸਿਆ ਜਾਵੇ ਕਿ ਬੱਚਿਆਂ ਦੇ ਖੇਡਾਂ ਪ੍ਰਤੀ ਜਿਹੜਾ 65-70 ਕਰੋੜ ਰੁਪਏ ਦੀ ਲਾਗਤ ਨਾਲ ਬਰਲਟਨ ਪਾਰਕ ਸਪੋਰਟਸ ਹੱਬ ਦਾ ਕੰਮ ਸੀ, ਉਸ ਲਈ ਕੀ ਕੀਤਾ ਜਾ ਰਿਹਾ ਹੈ । ਉਹਨਾਂ ਅੱਗੇ ਕਿਹਾ ਕਿ ਮੇਅਰ ਸਾਹਿਬ ਤੁਸੀਂ ਪਿਛਲੇ ਹਾਊਸ ਦੌਰਾਨ ਸਾਬਕਾ ਮੇਅਰ ਤੇ 14 ਕਰੋੜ ਰੁਪਏ ਦੇ ਪੈਚ ਵਰਕ ਘੋਟਾਲੇ ਬਾਰੇ ਪ੍ਰੈਸ ਕਾਨਫਰੰਸਾਂ ਕੀਤੀਆਂ ਸੀ ਅਤੇ ਕਿਹਾ ਸੀ ਕਿ ਬਹੁਤ ਵੱਡਾ ਘੋਟਾਲਾ ਹੈ । ਤੁਸੀਂ ਇਸ ਘੋਟਾਲੇ ਬਾਰੇ ਕੋਈ ਜਾਂਚ ਕਰਵਾਈ ਹੈ ਤਾਂ ਦੱਸਿਆ ਜਾਵੇ ਜੇਕਰ ਨਹੀਂ ਤਾਂ ਇਸ ਸਬੰਧੀ ਹਾਊਸ ਵਿੱਚ ਆਪਣਾ ਪੱਖ ਪੇਸ਼ ਕੀਤਾ ਜਾਵੇ । ਇਸ ਗੱਲ ਦੇ ਨਾਂਲ ਪੂਰੀ ਵਿਰੋਧੀ ਧਿਰ ਖੜੇ ਹੋ ਕੇ ਰੋਲਾ ਰੱਪਾ ਪਾਉਣ ਲੱਗ ਪਈ । ਮੇਅਰ ਜੀ ਨੇ ਵਿਰੋਧੀ ਧਿਰ ਨੂੰ ਮੁੜ ਕਿਹਾ ਕਿ ਮੈਂ ਤੁਹਾਨੂੰ ਪਹਿਲਾਂ ਵੀ ਕਿਹਾ ਹੈ ਕਿ ਅਸੀਂ ਇੱਕ ਫੈਮਲੀ ਵਾਲਾ ਮਾਹੌਲ ਰੱਖਣਾ ਹੈ, ਤੁਸੀਂ ਇੰਝ ਖੜੇ ਹੋ ਕੇ ਅਤੇ ਰੋਲਾ-ਰੱਪਾ ਪਾ ਕੇ ਹਾਊਸ ਦਾ ਮਾਹੌਲ ਖ਼ਰਾਬ ਨਾ ਕਰੋ । ਜੇਕਰ ਤੁਸੀਂ ਇਸ ਘੋਟਾਲੇ ਬਾਰੇ ਜਵਾਬ ਚਾਹੁੰਦੇ ਹੋ ਤਾਂ ਤੁਹਾਨੂੰ ਅਗਲੀ ਮੀਟਿੰਗ ਵਿੱਚ ਇਸ ਦਾ ਜਵਾਬ ਮਿਲ ਜਾਵੇਗਾ । ਅੱਜ ਅਸੀਂ ਸਿਰਫ ਅਜੰਡੇ ਤੇ ਹੀ ਵਿਚਾਰ ਵਟਾਂਦਰਾ ਕਰੀਏ । ਇਸੇ ਦੌਰਾਨ ਸ੍ਰੀ ਓਮਕਾਰ ਰਾਜੀਵ ਟਿੱਕਾ, ਕੌਂਸਲਰ ਨੇ ਵੀ ਵਿਰੋਧੀ ਧਿਰ ਵਲੋਂ ਇੰਝ ਕਰਨ ਤੇ ਕਿਹਾ ਕਿ ਮਾਹੌਲ ਖ਼ਰਾਬ ਨਾ ਕਰੀਏ ।

ਸ੍ਰੀ ਬਲਜੀਤ ਸਿੰਘ ਪ੍ਰਿੰਸ, ਕੌਂਸਲਰ ਵਲੋਂ ਮੁੱਦਾ ਉਠਾਇਆ ਗਿਆ ਕਿ ਨਗਰ ਨਿਗਮ ਦੀ ਬਿਲਡਿੰਗ ਵਿੱਚ ਬਜੁਰਗਾਂ ਅਤੇ ਅਪੰਗ ਵਿੱਅਕਤੀਆਂ ਲਈ ਲਿਫਟ ਅਤੇ ਰੈਂਪ ਦਾ ਬੰਦੋਬਸਤ ਕੀਤਾ ਜਾਵੇ ਤਾਂ ਜ਼ੋ ਉਹ ਆਪਣੇ ਕੰਮ ਕਰਵਾਉਣ ਲਈ ਦਫ਼ਤਰ ਆਉਣ ਤਾਂ ਮੁਸ਼ਕਲ ਪੇਸ਼ ਨਾ ਆਵੇ । ਉਹਨਾਂ ਵਲੋਂ ਇਹ ਵੀ ਦੱਸਿਆ ਗਿਆ ਕਿ ਪੂਰੇ ਸ਼ਹਿਰ ਅਤੇ ਖ਼ਾਸਕਰ ਪਾਰਕਾਂ ਵਿੱਚ ਕੁੱਤਿਆਂ ਦੀ ਭਰਮਾਰ ਹੈ ਜਿਸ ਨਾਲ ਪਾਰਕਾਂ ਵਿੱਚ ਸੈਰ ਕਰਨ ਜਾਂਦੇ ਲੋਕ ਅਤੇ ਬੱਚੇ ਦਹਿਸ਼ਤ ਵਿੱਚ ਰਹਿੰਦੇ ਹਨ । ਤੁਸੀਂ ਇਸ ਬਾਰੇ ਕੀ ਕਰ ਰਹੇ ਹੋ, ਦੱਸਿਆ ਜਾਵੇ । ਇਸ ਤੇ ਮੇਅਰ ਜੀ ਨੇ ਕਿਹਾ ਕਿ ਉਹ ਲਗਾਤਾਰ ਨੰਗਲ ਸ਼ਾਮਾ ਵਿਖੇ ਜਿੱਥੇ ਕਿ ਕੁੱਤਿਆਂ ਦੀ ਨਸਬੰਦੀ ਦਾ ਪ੍ਰੋਜੈਕਟ ਸ਼ੁਰੂ ਕੀਤਾ ਗਿਆ ਹੈ, ਖੁਦ ਅਤੇ ਹੋਰ ਵਿਧਾਇਕਾਂ ਅਤੇ ਕੌਂਸਲਰਾਂ ਨੂੰ ਲੈ ਕੇ ਵਿਜ਼ਟ ਕਰ ਰਹੇ ਹਨ । ਪਹਿਲਾਂ ਇੱਥੇ ਹਫ਼ਤੇ ਵਿੱਚ ਸਿਰਫ 7-8 ਕੁੱਤਿਆਂ ਦੇ ਓਪਰੇਸ਼ਨ ਹੁੰਦੇ ਸੀ ਜਿਹੜੇ ਕਿ ਹੁਣ 24 ਕੁੱਤਿਆਂ ਦੇ ਓਪਰੇਸ਼ਨ ਹੋ ਰਹੇ ਹਨ ਅਤੇ ਜਲਦ ਹੀ ਹਫ਼ਤੇ ਵਿੱਚ 50 ਕੁੱਤਿਆਂ ਦੇ ਓਪਰੇਸ਼ਨ ਕੀਤੇ ਜਾਇਆ ਕਰਨਗੇ । ਇਸ ਕੰਮ ਲਈ ਦੇਹਰਾਦੂਨ ਤੋਂ ਇੱਕ ਟੀਮ ਵੀ ਮੰਗਵਾਈ ਗਈ ਹੈ ਜ਼ੋ ਇਸ ਕੰਮ ਵਿੱਚ ਹੋਰ ਤੇਜ਼ੀ ਲਿਆਉਣ ਲਈ ਸਹਿਯੋਗ ਕਰੇਗੀ । ਸ੍ਰੀ ਬਲਜੀਤ ਸਿੰਘ ਪ੍ਰਿੰਸ, ਕੌਂਸਲਰ ਵਲੋਂ ਕਿਹਾ ਗਿਆ ਰੇਲਵੇ ਸਟੇਸ਼ਨ ਤੋਂ ਲੱਧੇਵਾਲੀ ਰੋਡ ਅਤੇ ਐਸ.ਡੀ.ਕਾਲੇਜ਼ ਰੋਡ ਤੇ 35 ਕਰੋੜ ਰੁਪਏ ਦੀ ਲਾਗਤ ਨਾਲ ਸੁਪਰ ਸੱਕਰ ਮਸ਼ੀਨਾਂ ਰਾਹੀਂ ਸੀਵਰੇਜ਼ ਦੀ ਸਫਾਈ ਦਾ ਕੰਮ ਸ਼ੁਰੂ ਕਰਵਾਇਆ ਗਿਆ ਹੈ ।ਉਹ ਸਿਰਫ 6 ਫੁੱਟ ਵਾਲੀ ਸੀਵਰੇਜ਼ ਲਾਈਨ ਤੋਂ ਹੀ ਗਾਰ ਕੱਢਦੀ ਹੈ । ਉਹਨਾਂ ਮੰਗ ਕੀਤੀ ਕਿ ਅਰਜੁਨ ਨਗਰ, ਪ੍ਰੇਮ ਨਗਰ, ਮੁਹੱਲਾ ਗੋਬਿੰਦਗੜ ਵਿਖੇ ਸੀਵਰੇਜ਼ ਦੀ ਬਹੁਤ ਸੱਮਸਿਆ ਹੈ । ਜ਼ੋਨਾਂ ਤੋਂ ਜੈਟਿੰਗ ਮਸ਼ੀਨਾਂ ਨਹੀਂ ਆਉਂਦੀਆਂ। ਦੱਸਿਆ ਜਾਵੇ ਕਿ ਕਿੰਨੀਆਂ ਜੈਟਿੰਗ ਮਸ਼ੀਨਾਂ ਚਲ ਰਹੀਆਂ ਹਨ ।

ਸ੍ਰੀਮਤੀ ਜ਼ਸਪਾਲ ਕੌਰ ਭਾਟੀਆ, ਕੌਂਸਲਰ, ਵਲੋਂ ਮੁੱਦਾ ਉਠਾਇਆ ਗਿਆ ਕਿ ਉਹਨਾਂ ਵਲੋਂ ਪਿਛਲੇ 25 ਸਾਲਾਂ ਤੋਂ ਮਿਹਨਤ ਕਰਦੇ 120 ਫੁਟੀ ਰੋਡ ਨੂੰ ਸੰਵਾਰਿਆ ਗਿਆ ਸੀ ਪ੍ਰੰਤੂ ਪਿਛਲੇ ਇੱਕ ਸਾਲ ਵਿੱਚ ਹੀ ਇਸ ਸੜਕ ਦਾ ਬਹੁਤ ਮਾੜਾ ਹਾਲ ਹੋ

ਗਿਆ ਹੈ । ਇਸ ਰੋਡ ਤੇ ਹੁਣ ਸਿਵਲ ਹਸਪਤਾਲ ਅਤੇ ਬਿਜਲੀ ਬੋਰਡ ਦਾ ਦਫ਼ਤਰ ਵੀ ਬਣ ਰਿਹਾ ਹੈ, ਜਲਦ ਹੀ ਇਸ ਸੜਕ ਵੱਲ ਧਿਆਨ ਦਿੱਤਾ ਜਾਵੇ । ਉਹਨਾਂ ਅੱਗੇ ਕਿਹਾ ਕਿ ਆਵਾਰਾ ਕੁੱਤਿਆਂ ਨੂੰ ਚੁਕਵਾਉਣ ਲਈ ਉਹਨਾਂ ਵਲੋਂ ਡਾਕਟਰ ਰਾਜ ਕਮਲ ਨੂੰ 10 ਵਾਰ ਫੋਨ ਤੇ ਮੈਸੇਜ਼ ਭੇਜੇ ਗਏ ਜਿਸ ਦਾ ਨਾ ਤਾਂ ਕੋਈ ਉਹਨਾਂ ਵਲੋਂ ਜਵਾਬ ਮਿਲਿਆ ਤੇ ਨਾ ਹੀ ਕੋਈ ਕਾਰਵਾਈ ਕੀਤੀ ਗਈ । ਉਹਨਾਂ ਮੰਗ ਕੀਤੀ ਕਿ ਇਸ ਸਬੰਧੀ ਜਿੰਮੇਵਾਰੀ ਤੈਅ ਕੀਤੀ ਜਾਵੇ । ਜਿਸ ਤੇ ਮੇਅਰ ਜੀ ਨੇ ਉਹਨਾਂ ਨੂੰ ਇਸ ਸਬੰਧੀ ਲਿਖ਼ਤੀ ਰੂਪ ਵਿੱਚ ਕਾਪੀ ਲਗਾ ਕੇ ਸ਼ਿਕਾਇਤ ਦੇਣ ਲਈ ਹਦਾਇਤ ਕੀਤੀ । ਸ਼੍ਰੀਮਤੀ ਜ਼ਸਪਾਲ ਕੌਰ ਭਾਟੀਆ, ਕੌਂਸਲਰ ਵਲੋਂ ਅੱਗੇ ਬੋਲਦਿਆਂ ਕਿਹਾ ਕਿ ਉਹਨਾਂ ਦੇ ਵਾਰਡ ਵਿੱਚ ਤਿੰਨ ਸੈਨੇਟਰੀ ਸੁਪਰਵਾਈਜ਼ਰ ਤਿੰਨ ਹਿੱਸਿਆਂ ਵਿੱਚ ਵੰਡੇ ਗਏ ਹਨ ਜਿਸ ਬਾਰੇ ਉਹਨਾਂ ਨੂੰ ਕੋਈ ਪਤਾ ਨਹੀਂ ਕਿ ਕਿਹੜੇ ਏਰੀਏ ਵਿੱਚ ਕਿਹੜਾ ਸਫਾਈ ਸੇਵਕ ਹੈ । ਉਹ ਮੰਗ ਕਰਦੇ ਹਨ ਕਿ ਹਰੇਕ ਵਾਰਡ ਵਿੱਚ ਇੱਕ ਸੈਨੇਟਰੀ ਸੁਪਰਵਾਈਜ਼ਰ ਹੋਣਾ ਚਾਹੀਦਾ ਹੈ । ਜਿਸ ਨੂੰ ਆਪਣੇ ਇਲਾਕੇ ਅਤੇ ਸਫਾਈ ਸੇਵਕਾਂ ਦਾ ਪਤਾ ਹੋਵੇ ।ਇਸ ਤੇ ਮੇਅਰ ਜੀ ਨੇ ਕਿਹਾ ਕਿ ਉਹ ਖੁਦ ਕਮਿਸ਼ਨਰ ਜੀ ਨਾਲ ਪਲੈਨਿੰਗ ਕਰ ਰਹੇ ਹਨ ਕਿ 80 ਵਾਰਡਾਂ ਵਿੱਚ ਬਰਾਬਰ ਦੇ ਸਫਾਈ ਸੇਵਕ ਵੰਡ ਦਿੱਤੇ ਜਾਣ ।ਇਸੇ ਤਰ੍ਹਾ ਸੀਵਰਮੈਨ ਵੀ ਬਰਾਬਰ ਵਾਰਡਾਂ ਵਿੱਚ ਵੰਡੇ ਜਾ ਰਹੇ ਹਨ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
5.3.2018

ਸ੍ਰੀ ਬਲਰਾਜ ਠਾਕੁਰ, ਕੌਂਸਲਰ, ਵਲੋਂ ਕਿਹਾ ਗਿਆ ਕਿ ਨਗਰ ਨਿਗਮ ਦੀ ਮਾਲੀ ਹਾਲਤ ਇਸ ਵੇਲੇ ਬਹੁਤ ਮਾੜੀ ਹੈ । ਸਾਨੂੰ ਪਿਛਲੇ ਹਾਊਸ ਤੋਂ ਕਾਫੀ ਕਰਜਾ ਮਿਲਿਆ ਹੈ । ਸਾਡੇ ਆਮਦਨ ਦੇ ਆਪਣੇ ਰਿਸੋਰਸ ਹੋਣੇ ਚਾਹੀਦੇ ਹਨ । ਪਿੱਛੇ ਜਿਹੇ ਅਣਅਧਿਕਾਰਤ ਕਲੋਨੀਆਂ ਅਤੇ ਪਲਾਟਾਂ ਦੇ ਰੈਗੁਲਰਾਈਜੇਸ਼ਨ ਦੇ ਵਿਰੁੱਧ 60-65 ਕਰੋੜ ਰੁਪਏ ਪ੍ਰਾਪਤ ਹੋਏ ਸਨ । ਉਹਨਾਂ ਕਿਹਾ ਡਾ:ਜਸਲੀਨ ਸੇਠੀ, ਕੌਂਸਲਰ ਜੀ ਵਲੋਂ ਉਹਨਾਂ ਦੇ ਇਲਾਕੇ ਵਿੱਚ ਪੈਂਦੀ ਇੱਕ ਪੁੱਡਾ ਅਪਰੂਵਡ ਕਲੋਨੀ ਵਿੱਚ ਸੀਵਰ ਦੀ ਸੱਮਸਿਆ ਬਾਰੇ ਮਾਮਲਾ ਉਠਾਇਆ ਸੀ ਜਿਸ ਤੇ ਨਗਰ ਨਿਗਮ ਦੇ ਅਧਿਕਾਰੀਆਂ ਵਲੋਂ ਇਹ ਕਹਿ ਕੇ ਕੰਮ ਕਰਨ ਵਿੱਚ ਅਸਮਰਥਾ ਪ੍ਰਗਟਾਈ ਕਿ ਇਹ ਕਲੋਨੀ ਨਗਰ ਨਿਗਮ ਨੂੰ ਹੈਂਡ ਓਵਰ ਨਹੀਂ ਹੋਈ ਅਤੇ ਇਸ ਕਲੋਨੀ ਤੋਂ ਨਗਰ ਨਿਗਮ ਨੇ 50 ਲੱਖ ਰੁਪਏ ਬਤੌਰ ਸ਼ੇਅਰਿੰਗ ਚਾਰਜਸ ਲੈਣੇ ਹਨ ਜਿਹੜਾ ਕਿ ਕਲੋਨੀ ਵਾਲੇ ਨਹੀਂ ਭਰ ਸਕਦੇ ।ਇਸ ਸਬੰਧੀ ਪਹਿਲੇ ਕਮਿਸ਼ਨਰ ਸ੍ਰੀ ਗੁਰਪ੍ਰੀਤ ਸਿੰਘ ਖਹਿਰਾ ਜੀ ਪਾਸ ਮੁੱਦਾ ਉਠਾਇਆ ਤਾਂ ਉਹਨਾਂ ਨੇ ਸੀਵਰੇਜ਼ ਦੀ ਸੱਮਸਿਆ ਲਈ ਤਾਂ ਸੀਵਰੇਜ਼ ਬੋਰਡ ਨੂੰ ਚਿੱਠੀ ਭਿਜਵਾ ਦਿੱਤੀ ਸੀ ਅਤੇ ਸ਼ੇਅਰਿੰਗ ਚਾਰਜਸ ਬਾਰੇ ਕਿਹਾ ਸੀ ਇਸ ਸਬੰਧੀ ਮਾਮਲਾ ਨਗਰ ਨਿਗਮ ਹਾਊਸ ਵਿੱਚ ਰੈਫਰ ਕਰ ਦਿੰਦੇ ਹਾਂ । ਉਹਨਾਂ ਬਾਅਦ ਵਿੱਚ ਇਸ ਸਬੰਧੀ ਡਿਟੇਲ ਕਢਵਾਈ ਜਿਸ ਤੋਂ ਪਤਾ ਲੱਗਾ ਹੈ ਕਿ ਸ਼ਹਿਰ ਵਿੱਚ 37 ਕਲੋਨੀਆਂ ਪੁੱਡਾ ਅਪਰੂਵਡ ਹਨ ਜਿਨਾਂ ਵਿੱਚੋਂ 23 ਕਲੋਨੀਆਂ ਦਾ ਰਿਕਾਰਡ ਉਹਨਾਂ ਨੂੰ ਪ੍ਰਾਪਤ ਹੋਇਆ ਹੈ ਅਤੇ ਇਹਨਾਂ 23 ਕਲੋਨੀਆਂ ਵਿੱਚੋਂ 12 ਕਲੋਨੀਆਂ ਪਾਸੋਂ ਨਿਗਮ ਨੇ 3.75 ਕਰੋੜ ਰੁਪਏ ਬਤੌਰ ਸ਼ੇਅਰਿੰਗ ਚਾਰਜਸ ਵਸੂਲਣੇ ਹਨ ਅਤੇ ਇਹ ਰਾਸ਼ੀ 2013 ਤੱਕ ਦੀ ਹੀ ਹੈ। ਅਜਿਹੀਆਂ ਕਲੋਨੀਆਂ ਦੀ ਬੈਂਕ ਗਰੰਟੀ ਵੀ ਖ਼ਤਮ ਹੋ ਚੁੱਕੀ ਹੈ । ਉਹਨਾਂ ਮੰਗ ਕੀਤੀ ਕਿ ਜੇਕਰ ਅਜਿਹੀਆਂ ਕਲੋਨੀਆਂ ਤੋਂ ਸ਼ੇਅਰਿੰਗ ਚਾਰਜਸ ਵਸੂਲੇ ਜਾਣ ਤਾਂ ਨਗਰ ਨਿਗਮ ਨੂੰ ਲਗਭਗ 20 ਕਰੋੜ ਰੁਪਏ ਦੀ ਆਮਦਨ ਹੋ ਸਕਦੀ ਹੈ । ਉਹਨਾਂ ਇਹ ਵੀ ਮੰਗ ਕੀਤੀ ਕਿ ਅਜਿਹੀਆਂ ਕਲੋਨੀਆਂ ਦੀਆਂ ਸੜਕਾਂ, ਸੀਵਰੇਜ਼ ਅਤੇ ਪਾਣੀ ਸਬੰਧੀ ਜਾਂਚ ਕਰਵਾਈ ਜਾਣੀ ਚਾਹੀਦੀ ਹੈ ਅਤੇ ਪੈਸੇ ਵਸੂਲੇ ਜਾਣੇ ਚਾਹੀਦੇ ਹਨ ਅਤੇ ਇਹਨਾਂ ਨੂੰ ਵੀ ਨਗਰ ਨਿਗਮ ਵਲੋਂ ਪਾਣੀ, ਸੀਵਰੇਜ਼ ਅਤੇ ਸੜਕਾਂ ਦੀਆਂ ਸਹੁਲਤਾਂ ਦਿੱਤੀਆਂ ਜਾਣ। ਉਹਨਾਂ ਇਹ ਵੀ ਕਿਹਾ ਕਿ ਅਣਅਧਿਕਾਰਤ ਕਲੋਨੀਆਂ ਵਿੱਚ ਤਾਂ ਗ੍ਰਾਂਟਾ ਨਾਲ ਵਿਕਾਸ ਦੇ ਕੰਮ ਹੋ ਜਾਂਦੇ ਹਨ ਪਰ ਅਜਿਹੀਆਂ ਕਲੋਨੀਆਂ ਬਿਲਡਰਾਂ ਵਲੋਂ ਅਪਰੂਵਡ ਕਰਵਾ ਕੇ ਪਲਾਟ ਵੇਚ ਕੇ ਆਪ ਤਾਂ ਚਲੇ ਜਾਂਦੇ ਹਨ ਪਰ ਉਥੋਂ ਦੇ ਵਸਨੀਕਾਂ ਨੂੰ ਬਾਅਦ ਵਿਚ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ । ਇਸ ਸਬੰਧੀ ਪੂਰੀ ਚੈਕਿੰਗ ਕਰਵਾਈ ਜਾਵੇ ਕਿ ਕਿਹੜੀ ਕਲੋਨੀ ਤੋਂ ਸ਼ੇਅਰਿੰਗ ਚਾਰਜਸ ਆ ਚੁੱਕੇ ਹਨ, ਈ.ਡੀ.ਸੀ. ਚਾਰਜਸ ਆ ਚੁੱਕੇ ਹਨ ਅਤੇ ਕਿੰਨੇ ਬਕਾਇਆ ਆਦਿ ਰੰਹਿਦੇ ਹਨ ਅਤੇ ਇਹ ਕਲੋਨੀਆਂ ਨਗਰ ਨਿਗਮ ਨੂੰ ਟਰਾਂਸਫਰ ਹੋ ਚੁੱਕੀਆਂ ਹਨ ਜਾਂ ਨਹੀਂ ।

ਸ੍ਰੀਮਤੀ ਸਵੇਤਾ ਧੀਰ, ਕੌਂਸਲਰ ਵਲੋਂ ਮੁੱਦਾ ਉਠਾਇਆ ਗਿਆ ਕਿ ਉਹਨਾਂ ਦੇ ਇਲਾਕੇ ਕਬੀਰ ਵਿਹਾਰ ਵਿੱਚ ਪਾਣੀ ਦੀ ਟੈਂਕੀ ਬਣੀ ਨੂੰ ਇੱਕ ਸਾਲ ਹੋ ਚੁੱਕਾ ਹੈ ਪਰ ਉਥੇ ਟਿਊਬਵੈਲ ਤੇ ਮੋਟਰ ਨਾ ਲੱਗੀ ਹੋਣ ਕਾਰਣ ਲੋਕਾਂ ਨੂੰ ਪੀਣ ਵਾਲਾ ਪਾਣੀ ਨਹੀਂ ਮਿਲ ਰਿਹਾ ਹੈ ਜਿਸ ਤੇ ਮੇਅਰ ਜੀ ਨੇ ਸਬੰਧਤ ਅਧਿਕਾਰੀ ਨੂੰ ਨੋਟ ਕਰਨ ਲਈ ਆਦੇਸ਼ ਦਿੱਤੇ ।

ਸ੍ਰੀਮਤੀ ਸੁਨੀਤਾ ਰਿੰਕੂ, ਕੌਂਸਲਰ ਵਲੋਂ ਮੇਅਰ ਜੀ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਗੱਲ ਐਪਰੀਸ਼ਿਏਬਲ ਹੈ ਕਿ ਤੁਸੀਂ ਹਰ ਮਹੀਨੇ ਮੀਟਿੰਗ ਬੁਲਾਉਣ ਦਾ ਭਰੋਸਾ ਦਵਾਇਆਂ ਹੈ ਤਾਂ ਜ਼ੋ ਹਰੇਕ ਕੌਂਸਲਰ ਆਪਣੀਆਂ ਆਪਣੀਆਂ ਸੱਮਸਿਆਵਾ ਬਾਰੇ ਖੁਲ੍ਹ ਕੇ ਗੱਲ ਕਰ ਸਕਣ । ਉਹਨਾਂ ਮੰਗ ਕੀਤੀ ਕਿ ਜਿਹੜੇ ਕੂੜਾ ਢੋਹਣ ਵਾਲੇ ਵਹੀਕਲ ਹਨ ਉਹ ਬਿਨਾ ਢਕੇ ਹੀ ਡੰਪ ਵੱਲ ਜਾਂਦੇ ਹਨ ਜਿਸ ਕਰਕੇ ਕੂੜਾ ਸੜਕਾਂ ਤੇ ਖਿਲਰਦਾ ਰੰਹਿਦਾ ਹੈ । ਅਜਿਹੇ ਵਹੀਕਲਸ ਨੂੰ ਪਲਾਸਟਿਕ ਦੀ ਸ਼ੀਟ ਆਦਿ ਨਾਲ ਢੱਕ ਕੇ ਲਿਜਾਇਆ ਜਾਵੇ । ਉਹਨਾਂ ਇਹ ਵੀ ਮੰਗ ਕੀਤੀ ਕਿ ਆਗਾਮੀ ਬਜਟ ਵਿੱਚ ਸ਼ਹਿਰ ਨੂੰ ਸੁੰਦਰ ਅਤੇ ਹਰਿਆ ਭਰਿਆ ਬਨਾਉਣ ਲਈ ਕੋਈ ਗੋ ਗਰੀਨ ਜਲੰਧਰ ਦੇ ਸਲੋਗਨ ਤਹਿਤ ਵਿਸ਼ੇਸ਼ ਉਪਬੰਧ ਕੀਤੇ ਜਾਣ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
5.3.2018

ਸ੍ਰੀਮਤੀ ਸੁਰਿੰਦਰ ਕੋਰ, ਸੀਨਿਅਰ ਡਿਪਟੀ ਮੇਅਰ, ਵਲੋਂ ਮੁੱਦਾ ਉਠਾਇਆ ਗਿਆ ਕਿ ਨਗਰ ਨਿਗਮ ਦੀਆਂ ਕਈ ਅਜਿਹੀਆਂ ਪ੍ਰਾਪਰਟੀਜ਼ ਹਨ ਜਿਨ੍ਹਾਂ ਤੋਂ ਨਿਗਮ ਨੂੰ ਕਾਫੀ ਆਮਦਨ ਆ ਸਕਦੀ ਹੈ । ਉਹਨਾਂ ਵਿਜੇ ਢਾਬੇ ਦੇ ਸਾਹਮਣੇ ਵਾਲੀ ਖ਼ਾਲੀ ਪਈ ਜ਼ਮੀਨ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਇਸ ਜ਼ਮੀਨ ਤੇ ਰੋਜ਼ਾਨਾ ਕਈ ਵਾਹਨ ਖੜੇ ਰਹਿੰਦੇ ਹਨ । ਕਿਉਂ ਨਾ ਇਸ ਗਰਾਉਂਡ ਦੀ ਚਾਰ ਦੀਵਾਰੀ ਕਰਕੇ ਪੇਡ ਪਾਰਕਿੰਗ ਲਈ ਵਰਤਿਆ ਜਾਵੇ ਜਿਸ ਨਾਲ ਨਿਗਮ ਨੂੰ ਆਮਦਨ ਹੋ ਸਕੇ । ਇਸੇ ਤਰ੍ਹਾਂ ਮਾਡਲ ਟਾਂਊਨ ਜ਼ੋਨ ਆਫਿਸ ਨੂੰ ਵੀ ਮਲਟੀ ਸਟੋਰੀ ਬਿਲਡਿੰਗ ਬਨਾ ਕੇ ਉਥੇ ਜ਼ੋਨ ਦਫ਼ਤਰ ਦੇ ਨਾਲ ਨਾਲ ਨਿਗਮ ਨੂੰ ਆਮਦਨ ਵੀ ਹੋ ਸਕਦੀ ਹੈ । ਉਹਨਾਂ ਮੰਗ ਕੀਤੀ ਕਿ ਏਰੀਆ ਕੁਲੈਕਟਰਾਂ ਦੀ ਜਵਾਬਦੇਹੀ ਸੁਨਿਸ਼ਚਿਤ ਕੀਤੀ ਜਾਵੇ ਕਿ ਉਹ ਆਪਣੇ ਆਪਣੇ ਇਲਾਕੇ ਵਿੱਚ ਪੈਂਦੀਆਂ ਅਜਿਹੀਆਂ ਪ੍ਰਾਪਰਟੀਜ਼ ਬਾਰੇ ਵਿਸਥਾਰਪੂਰਵਕ ਰਿਪੋਰਟ ਤਿਆਰ ਕਰਕੇ ਨਗਰ ਨਿਗਮ ਅੱਗੇ ਰੱਖਣ ।

ਸ੍ਰੀਮਤੀ ਚੰਦਰਜੀਤ ਕੌਰ ਸੰਧਾ, ਕੌਂਸਲਰ, ਵਲੋਂ ਮੁੱਦਾ ਉਠਾਇਆ ਗਿਆ ਕਿ ਕਾਂਗਰਸ ਪਾਰਟੀ ਨੇ ਔਰਤਾਂ ਨੂੰ 50 ਫੀਸਦੀ ਰਾਖਵਾਂਕਰਨ ਤਾਂ ਪ੍ਰਦਾਨ ਕਰ ਦਿੱਤਾ ਹੈ ਪ੍ਰੰਤੂ ਉਹਨਾਂ ਦੇ ਮਾਨ-ਸਨਮਾਨ ਬਾਰੇ ਕੁਝ ਨਹੀਂ ਸੋਚਦੇ । ਉਹਨਾਂ ਦੱਸਿਆ ਕਿ ਪਿਛਲੇ

ਦਿਨੀਂ ਉਹਨਾਂ ਦੇ ਵਾਰਡ ਵਿੱਚ ਉਦਘਾਟਨ ਹੋਇਆ ਪ੍ਰੰਤੂ ਉਹਨਾਂ ਨੂੰ ਇਸ ਵਿੱਚ ਸ਼ਾਮਲ ਹੋਣ ਲਈ ਨਹੀਂ ਬੁਲਾਇਆ ਗਿਆ ਅਤੇ ਉਥੇ ਆਲ੍ਹੇ-ਦੁਆਲ੍ਹੇ ਦੇ ਕੌਂਸਲਰਾਂ ਨੂੰ ਬੁਲਾਇਆ ਗਿਆ ਅਤੇ ਗਾਲੀ ਗਲੋਚ ਵੀ ਹੋਇਆ । ਇਹ ਵੀ ਦੱਸਿਆ ਜਾਵੇ ਕਿ ਜਦ ਸਰਕਾਰ ਨੇ ਉਦਘਾਟਨੀ ਬੋਰਡ ਲਗਾਉਣ ਤੋਂ ਮਨਾ ਕੀਤਾ ਹੈ ਤਾਂ ਫਿਰ ਉਥੇ ਉਦਘਾਟਨੀ ਬੋਰਡ ਕਿਵੇ ਲੱਗੇ । ਇਸ ਤੇ ਮੇਅਰ ਜੀ ਨੇ ਦੱਸਿਆ ਕਿ ਇਹ ਕੰਮ ਐਮ.ਐਲ.ਏ. ਗ੍ਰਾਂਟ ਦੇ ਸਨ ਅਤੇ ਦਫ਼ਤਰ ਵਲੋਂ ਕੋਈ ਬੋਰਡ ਨਹੀਂ ਲਗਾਏ ਗਏ ਕਿਉਂ ਜ਼ੋ ਸਰਕਾਰ ਵਲੋਂ ਅਜਿਹੇ ਬੋਰਡ ਲਗਾਉਣ ਤੇ ਮਨਾਹੀ ਹੈ । ਹੋ ਸਕਦਾ ਹੈ ਉਥੋਂ ਦੇ ਲੋਕਾਂ ਨੇ ਇਹ ਬੋਰਡ ਲਗਾਏ ਹੋਣ ।

ਸ੍ਰੀ ਦਵਿੰਦਰ ਸਿੰਘ ਰੋਨੀ, ਕੌਂਸਲਰ, ਵਲੋਂ ਆਪਣੇ ਵਾਰਡ ਵਿੱਚ ਸੀਵਰੇਜ਼ ਬਲਾਕੇਜ਼ ਦੀ ਸਮੱਸਿਆ ਦਾ ਮੁੱਦਾ ਉਠਾਇਆ ਗਿਆ ਅਤੇ ਮੰਗ ਕੀਤੀ ਕਿ ਇਸ ਵੱਲ ਧਿਆਨ ਦਿੱਤਾ ਜਾਵੇ ।

ਸ੍ਰੀ ਵਰੇਸ਼ ਮਿੰਟੂ, ਕੌਂਸਲਰ, ਵਲੋਂ ਮੁੱਦਾ ਉਠਾਇਆ ਗਿਆ ਕਿ ਤਿਲਕ ਨਗਰ ਵਿਖੇ 20 ਸਾਲ ਪਹਿਲਾਂ ਟਿਊਬਵੈਲ ਲੱਗਾ ਸੀ ਅਤੇ ਗੰਦਾ ਪਾਣੀ ਆਉਣ ਕਰਕੇ ਇਹ ਟਿਊਬਵੇਲ ਬੰਦ ਕਰਨਾ ਪਿਆ । ਜਿਸ ਨਾਲ ਆਲ੍ਹੇ-ਦੁਆਲ੍ਹੇ ਦੇ 4-5 ਏਰੀਆਂ ਅਫੈਕਟ ਹੋਏ ਹਨ । ਜਲਦੀ ਇਸ ਥਾਂ ਤੇ ਨਵਾਂ ਟਿਊਬਵੈਲ ਲਗਾਇਆ ਜਾਵੇ ਤਾਂ ਜ਼ੋ ਗਰਮੀਆਂ ਤੋਂ ਪਹਿਲਾਂ ਪਹਿਲਾਂ ਲੋਕਾਂ ਨੂੰ ਪੀਣ ਵਾਲਾ ਸਾਫ ਸੁਥਰਾ ਪਾਣੀ ਮਿਲ ਸਕੇ । ਉਹਨਾਂ ਕਿਹਾ ਕਿ ਉਹਨਾਂ ਦੇ ਇਲਾਕੇ ਵਿੱਚ ਇੱਕ 10 ਮਰਲੇ ਦੀ ਜਗ੍ਹਾ ਸੀਵਰੇਜ਼ ਦੇ ਡੰਪ ਵਾਲੀ ਹੈ ਜਿਸਦਾ ਬਹੁਤ ਮਾੜਾ ਹਾਲ ਹੈ । ਇਸ ਦੀ ਸਫਾਈ ਕਰਵਾਈ ਜਾਵੇ ਕਿਉਂ ਜ਼ੋ ਉਹ ਉਥੇ ਸਿਵਲ ਡਿਸਪੈਂਸਰੀ ਖੋਲਣਾ ਚਾਹੁੰਦੇ ਹਨ । ਉਹਨਾਂ ਇਹ ਵੀ ਕਿਹਾ ਕਿ ਐਸ.ਪੀ.ਪ੍ਰਾਈਮ ਸਕੂਲ ਵਾਲੀ ਸੜਕ ਦਾ ਕੰਮ ਸੀਵਰੇਜ਼ ਦੀ ਲਾਈਨ ਬਿਛਾਉਣ ਕਰਕੇ ਰੁਕਿਆ ਹੈ ਇਸ ਨੂੰ ਜਲਦ ਬਣਵਾਇਆ ਜਾਵੇ । ਉਹਨਾਂ ਦੱਸਿਆ ਕਿ ਉਹਨਾਂ ਦੇ ਵਾਰਡ ਵਿੱਚ ਕੂੜਾ ਲਿਫਟ ਕਰਨ ਵਾਲੀ ਗੱਡੀ 15-20 ਦਿਨਾਂ ਬਾਅਦ ਆਉਂਦੀ ਹੈ ।ਉਹਨਾ ਦੇ ਵਾਰਡ ਵਿੱਚ ਸਿਰਫ 14 ਸਫਾਈ ਸੇਵਕ ਕੰਮ ਕਰਦੇ ਹਨ । ਉਹਨਾਂ ਦੱਸਿਆ ਕਿ ਸਟਰੀਟ ਲਾਈਟ ਦੀਆਂ 10 ਸ਼ਿਕਾਇਤਾਂ ਦੇਵੋ ਤਾਂ ਸਿਰਫ 1-2 ਹੀ ਠੀਕ ਹੁੰਦੀਆਂ ਹਨ । ਕਾਰੀਗਰਾਂ ਕੋਲ ਸਮਾਨ ਵੀ ਪੂਰਾ ਨਹੀਂ ਹੁੰਦਾ । ਉਹਨਾਂ ਵਲੋਂ ਆਪਣੇ ਇਲਾਕੇ ਵਿੱਚ ਅਣਅਧਿਕਾਰਤ ਕਲੋਨੀਆਂ ਦੇ ਕੱਟਣ ਦਾ ਵੀ ਮੁੱਦਾ ਉਠਾਇਆ ਗਿਆ । ਜਿਸ ਤੇ ਮੇਅਰ ਜੀ ਨੇ ਕਿਹਾ ਬਾਕੀ ਸ਼ਿਕਾਇਤਾਂ ਬਾਰੇ ਤੁਸੀਂ ਕਮਿਸ਼ਨਰ ਜੀ ਨੂੰ ਮਿਲਣਾ ਅਤੇ ਅਣਅਧਿਕਾਰਤ ਕਲੋਨੀ ਤੇ ਸਟਰੀਟ ਲਾਈਟ ਦੇ ਮੁੱਦੇ ਤੇ ਮੈਨੂੰ ਦਫ਼ਤਰ ਆ ਕੇ ਵਿਸਥਾਰ ਨਾਲ ਦੱਸੀਓ ।

ਸ੍ਰੀਮਤੀ ਰੀਨਾ ਕੌਰ, ਕੌਂਸਲਰ, ਵਲੋਂ ਮੇਅਰ ਜੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮੇਅਰ ਸਾਹਿਬ ਤੁਸੀਂ ਲਗਾਤਾਰ 6 ਵਾਰ ਚੋਣਾਂ ਜਿੱਤੀਆਂ ਹਨ ਅਤੇ ਅੱਜ ਮੇਅਰ ਦੇ ਆਹੁਦੇ ਤੇ ਬੈਠੇ ਹੋ ਜਿਸ ਲਈ ਤੁਸੀਂ ਵਧਾਈ ਦੇ ਪਾਤਰ ਹੋ । ਤੁਹਾਨੂੰ ਨਗਰ ਨਿਗਮ ਦੇ ਕੰਮਾਂ ਦਾ ਬਹੁਤ ਤਜ਼ਰਬਾ ਹੈ । ਪਿਛਲੀ ਸਰਕਾਰ ਨੇ ਕੋਈ ਕੰਮ ਨਹੀਂ ਕੀਤਾ । ਤੁਸੀਂ ਆਪਣੀ ਸੂਝਬੂਝ ਨਾਲ ਜਲੰਧਰ ਸ਼ਹਿਰ ਨੂੰ ਸਮਾਰਟ ਬਨਾਓ ਜਿਸ ਲਈ ਅਸੀਂ ਸਾਰੇ ਕੌਂਸਲਰ ਤੁਹਾਡਾ ਸਹਿਯੋਗ ਦੇਵਾਂਗੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
5.3.2018

ਸ੍ਰੀ ਨਿਰਮਲ ਸਿੰਘ ਨਿੰਮਾ, ਕੌਂਸਲਰ, ਵਲੋਂ ਮੁੱਦਾ ਉਠਾਇਆ ਗਿਆ ਕਿ ਉਹਨਾਂ ਦੇ ਵਾਰਡ ਵਿੱਚ ਸਿਰਫ 6 ਸਵੀਪਰ ਹਨ । ਹੋਰ ਸਵੀਪਰ ਦਿੱਤੇ ਜਾਣ । ਉਹਨਾਂ ਇਹ ਵੀ ਕਿਹਾ ਕਿ ਸੁੱਚੀ ਪਿੰਡ ਜਿੱਥੇ ਗੈਸ ਪਲਾਂਟ ਲੱਗਾ ਹੈ ਬਹੁਤ ਹਾਈ ਰਿਸਕ ਜ਼ੋਨ ਹੈ । ਇੱਥੋਂ ਗੈਸ ਦੀ ਸਮੈਲ ਦੂਰ ਦੂਰ ਤੱਕ ਆਉਂਦੀ ਹੈ ।ਇਥੇ ਤੇਲ ਅਤੇ ਗੈਸ ਦੇ ਟੈਂਕਰ ਸੜਕਾਂ ਤੇ ਹੀ ਖੜੇ ਰਹਿੰਦੇ ਹਨ ਜਿਸ ਨਾਲ ਕੋਈ ਵੀ ਹਾਦਸਾ ਹੋ ਸਕਦਾ ਹੈ । ਇਸ ਤੋਂ ਇਲਾਵਾ ਲੋਕਾਂ ਨੂੰ ਸਾਹ ਦੀਆਂ ਬਿਮਾਰੀਆਂ ਵੀ ਲੱਗ ਰਹੀਆਂ ਹਨ । ਇਸ ਤੋਂ ਇਲਾਵਾ ਲੰਮਾ ਪਿੰਡ ਵਿਖੇ ਵੀ ਰੇਤ ਬਜਰੀ ਦੇ ਟਰੱਕ ਟਰਾਲੀਆਂ ਖੜੀਆਂ ਰਹਿੰਦੀਆਂ ਹਨ ਜਿਸ ਤੇ ਮੇਅਰ ਜੀ ਨੇ ਕਿਹਾ ਕਿ ਉਹ ਖੁਦ, ਸੀਨਿਅਰ ਡਿਪਟੀ ਮੇਅਰ, ਡਿਪਟੀ ਮੇਅਰ ਅਤੇ ਕਮਿਸ਼ਨਰ ਨਾਲ ਮੌਕਾ ਵੇਖਣਗੇ ।

ਸ੍ਰੀ ਨਿਰਮਲ ਸਿੰਘ ਨਿੰਮਾ, ਕੌਂਸਲਰ ਵਲੋਂ ਮੈਰਿਜ ਪੈਲਿਸਾਂ, ਐਨ.ਓ.ਸੀ., ਅਤੇ ਸੀ.ਐਲ.ਯੂ. ਸਬੰਧੀ ਮੁੱਦਿਆਂ ਤੇ ਹਾਊਸ ਦੇ ਕੌਂਸਲਰਾਂ ਨੂੰ ਸ਼ਾਮਲ ਕਰਨ ਲਈ ਕਿਹਾ ।ਮੇਅਰ ਜੀ ਨੇ ਦੱਸਿਆ ਕਿ ਮੈਰਿਜ ਪੈਲਸਸ ਦਾ ਮੁੱਦਾ ਸਰਕਾਰ ਦੀ ਪਾਲਿਸੀ ਨਾਲ ਸਬੰਧਤ ਹੈ ।

ਸ੍ਰੀ ਤਰਸੇਮ ਸਿੰਘ ਲਖੋਤਰਾ, ਕੌਂਸਲਰ ਵਲੋਂ ਮੁੱਦਾ ਉਠਾਇਆ ਗਿਆ ਕਿ ਉਹਨਾਂ ਦੇ ਇਲਾਕੇ ਭਾਰਗੋ ਕੈਂਪ ਵਿੱਚ 2795 ਮੁਦਾਖ਼ਲਤਾਂ ਹਨ । ਜੇਕਰ ਇਹਨਾਂ ਨੂੰ ਰੈਗੁਲਰ ਕਰ ਦਿੱਤਾ ਜਾਵੇ ਅਤੇ ਘਰੇਲੂ ਇੱਕ ਲੱਖ ਰੁਪਏ ਮਰਲਾ ਅਤੇ ਕਮਰਸ਼ੀਅਲ ਦੋ ਲੱਖ ਰੁਪਏ ਮਰਲਾ ਨਿਸ਼ਚਿਤ ਕਰ ਦਿੱਤਾ ਜਾਵੇ ਅਤੇ ਨਗਰ ਨਿਗਮ ਵਲੋਂ ਇਹਨਾਂ ਕਾਬਜਕਾਰਾਂ ਨੂੰ ਰਜਿਸਟਰੀਆਂ ਕਰਵਾ ਦੇਵੇ ਤਾਂ ਲਗਭਗ 100 ਕਰੋੜ ਰੁਪਏ ਨਗਰ ਨਿਗਮ ਨੂੰ ਆ ਸਕਦੇ ਹਨ । ਜਿਸ ਤੇ ਮੇਅਰ ਜੀ ਨੇ ਉਹਨਾਂ ਨੂੰ ਅਗਲੀ ਮੀਟਿੰਗ ਵਿੱਚ ਇਹ ਤਜ਼ਵੀਜ਼ ਪੇਸ਼ ਕਰਨ ਦੀ ਹਦਾਇਤ ਕੀਤੀ ।

ਇਸ ਉਪਰੰਤ ਮੇਅਰ ਜੀ ਨੇ ਹਾਊਸ ਨੂੰ ਦੱਸਿਆ ਕਿ ਉਹਨਾਂ ਨੇ ਕਮਿਸ਼ਨਰ ਜੀ ਨੂੰ ਨਗਰ ਨਿਗਮ ਦਾ ਲੇਖਾ ਜ਼ੋਖਾ ਹਾਊਸ ਵਿੱਚ ਰੱਖਣ ਲਈ ਕਿਹਾ ਸੀ, ਸੋ ਇਸ ਬਾਰੇ ਜਾਣੂ ਕਰਵਾਇਆ ਜਾਵੇ । ਕਮਿਸ਼ਨਰ ਜੀ ਨੇ ਇਸ ਸਬੰਧੀ ਡੀ.ਸੀ.ਐਫ.ਏ.ਨੂੰ ਹਦਾਇਤ ਕੀਤੀ ।

ਸ੍ਰੀ ਸੰਦੀਪ ਕੁਮਾਰ, ਡੀ.ਸੀ.ਐਫ.ਏ. ਨੇ ਦੱਸਿਆ ਕਿ ਨਗਰ ਨਿਗਮ ਜਲੰਧਰ ਦੀ ਮਿਤੀ 1.4.2017 ਤੋਂ ਮਿਤੀ 28.2.2018 ਤੱਕ ਕੁਲ ਆਮਦਨ ਰੁ. 24562.96 ਲੱਖ ਦੀ ਪ੍ਰਾਪਤੀ ਹੋਈ ਹੈ। ਇਸ ਵਿੱਚ ਸਰਕਾਰ ਤੋਂ ਵੈਟ/ ਜੀ.ਐਸ.ਟੀ ਦੇ ਵਜੋਂ ਰੁ. 16624.67 ਲੱਖ ਪ੍ਰਾਪਤ ਹੋਏ ਹਨ। ਇਸ ਤੋਂ ਇਲਾਵਾ ਪ੍ਰਾਪਰਟੀ ਟੈਕਸ ਵਜੋਂ ਰੁ: 2036.60 ਲੱਖ, ਪਾਣੀ ਅਤੇ ਸੀਵਰੇਜ਼ ਚਾਰਜਿਜ ਵਜੋਂ ਰੁ: 1708.01 ਲੱਖ, ਬਿਲਡਿੰਗ ਸ਼ਾਖਾ ਵਜੋਂ ਰੁ: 1410.13 ਲੱਖ ਅਤੇ ਬਾਕੀ ਮਦਾ ਵੱਜੋਂ ਰੁ: 2783.55 ਲੱਖ ਦੀ ਆਮਦਨ ਵਸੂਲੀ ਗਈ ਹੈ। ਨਗਰ ਨਿਗਮ ਦੇ ਮੁਲਾਜਮਾਂ ਦੀਆਂ ਤਨਖਾਹਾਂ ਵਜੋਂ ਰੁ. 16543.96 ਲੱਖ ਦੀ ਅਦਾਇਗੀ ਕੀਤੀ ਗਈ ਹੈ। ਸਟਰੀਟ ਲਾਈਟ ਦੇ ਬਿੱਲਾਂ ਦੀ ਅਦਾਇਗੀ ਵਜੋਂ ਰੁ: 1261.53 ਲੱਖ, ਟਿਊਬਵੈਲਾਂ ਦੇ ਬਿਜਲੀ ਦੇ ਬਿਲਾਂ ਰੁ: 2462.77 ਲੱਖ ਅਤੇ ਡਿਸਪੋਸਲਾਂ ਦੇ ਬਿਜਲੀ ਦੇ ਬਿਲਾਂ ਵਜੋਂ ਰੁ: 831.87 ਲੱਖ ਦੀ ਅਦਾਇਗੀ ਕੀਤੀ ਗਈ ਹੈ।

ਵਾਟਰ ਸਪਲਾਈ ਅਤੇ ਟਿਊਬਵੈਲ ਦੇ ਰੱਖ ਰਖਾਵ ਤੇ ਕੁੱਲ ਰੁ: 443.98 ਲੱਖ ਖਰਚ ਕੀਤੇ ਗਏ ਹਨ। ਨਗਰ ਨਿਗਮ ਦੇ ਬੀ.ਐਂਡ.ਆਰ ਸ਼ਾਖਾ ਦੇ ਅਦਾਇਗੀਆਂ ਵਜੋਂ ਰੁ: 1302.21 ਲੱਖ, ਸਟਰੀਟ ਲਾਈਅ ਦੇ ਰੱਖ ਰਖਾਵ ਵੱਜੋਂ ਰੁ: 288.73 ਲੱਖ, ਓ.ਐਂਡ.ਐਮ ਸ਼ਾਖਾ ਦੇ 608.24 ਲੱਖ ਹੈਲਥ ਸ਼ਾਖਾ ਦੇ ਰੁ: 193 ਲੱਖ ਲੰਬਿਤ ਹਨ।ਅੱਜ ਨਗਰ ਨਿਗਮ ਪਾਸ 20 ਲੱਖ ਰੁਪਏ ਬੈਂਕ ਬੈਲੰਸ ਹੈ ।

ਇਸ ਉਪਰੰਤ ਮੇਅਰ ਜੀ ਨੇ ਰੈਗੁਲਰ ਅਜੰਡਾ ਪੜਣ ਦੇ ਆਦੇਸ਼ ਦਿੱਤੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
5.3.2018

ਮਤਾ ਨੰਬਰ:- 1

ਵਿਸ਼ਾ:- ਨਗਰ ਨਿਗਮ ਜਲੰਧਰ ਹਾਊਸ ਦੀ ਪਹਿਲੀ ਮੀਟਿੰਗ ਮਿਤੀ 25.01.2018 ਦੀ ਕਾਰਵਾਈ ਬਾਰੇ।

ਨਗਰ ਨਿਗਮ ਜਲੰਧਰ ਹਾਊਸ ਦੀ ਪਹਿਲੀ ਮੀਟਿੰਗ ਮਿਤੀ 25.01.2018 ਨੂੰ ''ਡਾ. ਬੀ. ਆਰ. ਅੰਬੇਦਕਰ ਪ੍ਰਸ਼ਾਸ਼ਨਿਕ ਕੰਪਲੈਕਸ, ਨਗਰ ਨਿਗਮ ਜਲੰਧਰ'' ਵਿਖੇ ਹੋਈ, ਦੀ ਕਾਰਵਾਈ ਜੋ ਕੋਂਸਲਰ ਸਹਿਬਾਨ ਨੂੰ ਭੇਜੀ ਜਾ ਚੁੱਕੀ ਹੈ, ਹਾਊਸ ਵਿਚ ਸੂਚਨਾ ਅਤੇ ਪੁਸ਼ਟੀ ਹਿਤ ਪੇਸ਼ ਹੈ ।

ਫੈਸਲਾ :

ਸਰਵਸੰਮਤੀ ਨਾਲ ਕਾਰਵਾਈ ਦੀ ਪੁਸ਼ਟੀ ਕੀਤੀ ਜਾਂਦੀ ਹੈ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
5.3.2018

ਮਤਾ ਨੰਬਰ:- 2

ਵਿਸ਼ਾ:- ਨਗਰ ਨਿਗਮ, ਜਲੰਧਰ ਵਿਚ ਕੰਮ ਕਰ ਰਹੇ ਕਲਰਕਾਂ ਨੂੰ ਜੂਨੀਅਰ ਸਹਾਇਕ ਬਣਾਉਣ ਲਈ ਸਬ-ਕਮੇਟੀ ਦੀ ਮੀਟਿੰਗ 10.01.2018 ਨੂੰ ਹੋਈ ਮੀਟਿੰਗ ਦੀ ਕਾਰਵਾਈ ਸੰਬੰਧੀ।

ਉਪਰੋਕਤ ਵਿਸ਼ੇ ਦੇ ਸੰਬੰਧ ਵਿਚ ਕਮੇਟੀ ਦੀ ਮੀਟਿੰਗ ਮਿਤੀ:10.01.2018 ਨੂੰ ਮਾਨਯੋਗ ਵਧੀਕ ਕਮਿਸ਼ਨਰ ਜੀ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿਚ ਸਬ-ਕਮੇਟੀ ਦੇ ਹੇਠ ਲਿਖੇ ਮੈਂਬਰ ਸ਼ਾਮਿਲ ਹੋਏ:-

1. ਸ਼੍ਰੀ ਸਤਿੰਦਰ ਕੁਮਾਰ, ਕਾਰਪੋਰੇਸ਼ਨ ਇੰਜੀਨੀਅਰ, ਓ.ਐਂਡ ਐਮ (ਮੈਂਬਰ)
2. ਸ਼੍ਰੀ ਸੰਦੀਪ ਕੁਮਾਰ, ਡਿਪਟੀ ਕੰਟਰੋਲਰ (ਵਿਤ ਅਤੇ ਲੇਖਾ), (ਮੈਂਬਰ)
3. ਅਮਲਾ ਸੁਪਰਡੰਟ (ਮੈਂਬਰ ਸਕੱਤਰ)

ਮੀਟਿੰਗ ਦੀ ਸ਼ੁਰੂਆਤ ਵਿਚ ਜਿਹਨਾਂ ਕਰਮਚਾਰੀਆਂ ਨੂੰ ਬਤੋਰ ਜੂਨੀਅਰ ਸਹਾਇਕ ਪਲੇਸਮੈਂਟ ਦਾ ਲਾਭ ਦੇਣਾ ਵਿਚਾਰ ਅਧੀਨ ਹੈ, ਉਹਨਾਂ ਦਾ ਸੇਵਾ ਰਿਕਾਰਡ ਕਮੇਟੀ ਦੇ ਸਨਮੁੱਖ ਪੇਸ਼ ਕੀਤਾ ਗਿਆ।ਕਮੇਟੀ ਵਲੋਂ ਉਕਤ ਰਿਕਾਰਡ ਵਿਚਾਰੀਆ ਗਿਆ ਅਤੇ ਪਾਇਆ ਗਿਆ ਕਿ ਰਿਕਾਰਡ ਅਨੁਸਾਰ ਇਹਨਾਂ ਕਰਮਚਾਰੀਆਂ ਵਿਰੁੱਧ ਕੋਈ ਵਿਭਾਗੀ ਪੜਤਾਲ ਕਰਦੇ ਹੋਏ ਪਾਇਆ ਗਿਆ ਕਿ ਸੰਬੰਧਤ ਕਰਮਚਾਰੀਆਂ ਦੇ ਪਿਛਲੇ 5 ਸਾਲਾਂ ਦੀਆਂ ਗੁਪਤ ਰਿਪੋਰਟਾਂ ਵੀ ਮਿਸਲ ਵਿਚ ਨੱਥੀ ਹਨ,ਜਿਹਨਾਂ ਵਿਚ ਕਰਮਚਾਰੀਆਂ ਵਿਰੁੱਧ ਕੋਈ ਗਲਤ ਇੰਦਰਾਜ ਨਹੀਂ ਹੈ।ਅਮਲਾ ਸੁਪਰਡੰਟ ਵਲੋਂ ਕਮੇਟੀ ਨੂੰ ਸੂਚਿਤ ਕੀਤਾ ਗਿਆ ਕਿ ਸਰਕਾਰ ਵਲੋਂ ਪੱਤਰ ਨੰ:5/114/09-5FPI/655 ਮਿਤੀ:03.10.2011 ਰਾਹੀਂ ਜਾਰੀ ਕੀਤੀਆ ਗਈਆ ਹਦਾਇਤਾ ਦੇ ਅਨੁਸਾਰ ਕਲਰਕਾਂ ਨੂੰ ਪਲੇਸਮੈਂਟ ਦੇਣ ਹਿਤ ਕਲਰਕ ਦੇ ਕੇਡਰ ਵਿਚ ਕੰਮ ਕਰ ਰਹੇ ਕੁੱਲ ਕਲਰਕਾਂ ਨੂੰ ਜੂਨੀਅਰ ਸਹਾਇਕਾ ਅਤੇ ਕਲਰਕਾਂ ਦੇ 50:50 ਦੇ ਅਨੁਪਾਤ ਵਿਚ ਵੰਡਿਆ ਜਾਣਾ ਹੈ।ਨਗਰ ਨਿਗਮ,ਜਲੰਧਰ ਵਿਖੇ ਮਿਤੀ:01.01.2017 ਅਨੁਸਾਰ ਫਾਈਨਲ ਕੀਤੀ ਗਈ ਸੀਨੀਆਰਤਾ ਸੂਚੀ ਵਿਚ ਕਲਰਕਾਂ ਦੀ ਕੁਲ ਗਿਣਤੀ 136 ਹੈ। ਇਸ ਤਰ੍ਹਾ ਇਸ ਸੂਚੀ ਵਿਚ ਦਰਸਾਏ ਪਹਿਲੇ 68 ਕਰਮਚਾਰੀਆਂ ਨੂੰ ਬਤੋਰ ਜੂਨੀਅਰ ਸਹਾਇਕ ਪਲੇਸਮੈਂਟ ਦਾ ਲਾਭ ਦੇਣ ਯੋਗ ਹੈ।ਇਸ ਸੂਚੀ ਵਿਚ ਲੜੀ ਨੰ:58 ਤੱਕ ਦੇ ਕਰਮਚਾਰੀਆਂ ਨੂੰ ਬਤੋਰ ਜੂਨੀਅਰ ਸਹਾਇਕ ਪਲੇਸਮੈਂਟ ਦਾ ਲਾਭ ਦਿੱਤਾ ਜਾ ਚੁੱਕਾ ਹੈ ਅਤੇ ਹੁਣ ਲੜੀ ਨੰ:59 ਤੋਂ 68 ਤੱਕ ਨੂੰ ਕਲਰਕ ਤੋਂ ਜੂਨੀਅਰ ਸਹਾਇਕ ਲਾਭ ਦੇਣ ਦਾ ਮਾਮਲਾ ਵਿਚਾਰ ਅਧੀਨ ਹੈ।

ਉਪਰੋਕਤ ਦੇ ਸੰਬੰਧ ਵਿਚ ਸਬ-ਕਮੇਟੀ ਵਲੋਂ ਵਿਚਾਰ ਵਟਾਦਰਾ ਕਰਨ ਉਪਰੰਤ ਫੈਸਲਾ ਲਿਆ ਗਿਆ ਕਿ ਹੇਠ ਲਿਖੇ ਲੜੀ ਨੰ:59 ਤੋਂ 68 ਤੱਕ ਦੇ ਕਰਮਚਾਰੀਆਂ ਨੂੰ ਬਤੋਰ ਜੂਨੀਅਰ ਸਹਾਇਕ ਪਲੇਸਮੈਂਟ ਦਾ ਲਾਭ ਮਿਤੀ:01.01.2017 ਤੋਂ ਦੇਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ:-

ਸੀਨੀਆਰਤਾ ਸੂਚੀ ਦਾ ਲੜੀ ਨੰ:	ਕਰਮਚਾਰੀ ਦਾ ਨਾਮ	ਪਿਤਾ ਦਾ ਨਾਮ	ਬਤੋਰ ਕਲਰਕ ਜੁਆਇਨਿੰਗ ਦੀ ਮਿਤੀ	ਸੇਵਾਮੁਕਤੀ ਦੀ ਮਿਤੀ	ਵਿਭਾਗੀ ਜਾਂਚ ਲੰਬਿਤ ਹੈ ਜਾਂ ਨਹੀਂ	ਸਾਲ 2012-13 ਤੋਂ 2016-17 ਤੱਕ ਦੀਆਂ ਅਸਲ ਗੁਪਤ ਰਿਪੋਰਟਾਂ
59	ਸ਼੍ਰੀ ਰਜਿੰਦਰ ਸਿੰਘ	ਸ਼੍ਰੀ ਪਰਮਜੀਤ ਸਿੰਘ	16.05.2000	31.05.2033	ਨਹੀਂ	ਨੱਥੀ ਹਨ
60	ਸ਼੍ਰੀਮਤੀ ਰਜਨੀ ਸ਼ਰਮਾ	ਸ਼੍ਰੀ ਰਾਜੇਸ਼	29.09.2000	31.12.2032	ਨਹੀਂ	ਨੱਥੀ ਹਨ
61	ਸ਼੍ਰੀ ਕੰਵਲ ਚੰਦਨ	ਸ਼੍ਰੀ ਦਰਸ਼ਨ ਸਿੰਘ	21.06.2001	31.08.2027	ਨਹੀਂ	ਨੱਥੀ ਹਨ
62	ਸ਼੍ਰੀ ਮਨੀਸ਼ ਕੁਮਾਰ	ਸ਼੍ਰੀ ਰਾਮ ਰਤਨ	21.08.2001	30.09.2037	ਨਹੀਂ	ਨੱਥੀ ਹਨ
63	ਸ਼੍ਰੀਮਤੀ ਮਨਜੀਤ ਕੋਰ	ਸ਼੍ਰੀ ਜਗਦੀਸ਼ ਚੰਦਰ	09.10.2001	30.04.2017	ਨਹੀਂ	ਨੱਥੀ ਹਨ
64	ਸ਼੍ਰੀ ਰਾਜਨ ਗੁਪਤਾ	ਸ਼੍ਰੀ ਪਰਮੋਦ ਗੁਪਤਾ	20.08.2002	30.11.2034	ਨਹੀਂ	ਨੱਥੀ ਹਨ
65	ਸ਼੍ਰੀ ਨੀਰਜ ਸਾਹੀ	ਸ਼੍ਰੀ ਸੁਰਿੰਦਰ ਪਾਲ ਸਾਹੀ	02.06.2003	30.11.2039	ਨਹੀਂ	ਨੱਥੀ ਹਨ
66	ਸ਼੍ਰੀ ਅਮਿਤ ਸ਼ਰਮਾ	ਸ਼੍ਰੀ ਪਵਨ ਕੁਮਾਰ	23.10.2003	29.02.2040	ਨਹੀਂ	ਨੱਥੀ ਹਨ
67	ਸ਼੍ਰੀਮਤੀ ਕੁਸਮ ਲਤਾ	ਸ਼੍ਰੀ ਰਜਿੰਦਰ ਕੁਮਾਰ	27.04.2006	31.08.2020	ਨਹੀਂ	ਨੱਥੀ ਹਨ
68	ਸ਼੍ਰੀ ਸਤਨਾਮ ਸਿੰਘ	ਸ਼੍ਰੀ ਗੁਰਮੇਲ ਸਿੰਘ	27.04.2006	31.05.2043	ਨਹੀਂ	ਨੱਥੀ ਹਨ

ਸਹੀ/-
ਜਸਬੀਰ ਸਿੰਘ,ਵਧੀਕ ਕਮਿਸ਼ਨਰ
(ਚੇਅਰਮੈਨ)

ਸਹੀ/-
ਸਤਿੰਦਰ ਕੁਮਾਰ,ਕਾਰਪੋਰੇਸ਼ਨ ਇੰਜੀਨੀਅਰ
(ਮੈਂਬਰ)

ਸਹੀ/-
ਸੰਦੀਪ ਕੁਮਾਰ,ਉਪ ਸੰਚਾਲਕ,ਵਿਤ ਅਤੇ ਲੇਖਾ
(ਮੈਂਬਰ)

ਸਹੀ/-
ਨਵਸੰਦੀਪ ਕੋਰ,ਸੁਪਰਡੰਟ ਅਮਲਾ
(ਮੈਂਬਰ ਸਕੱਤਰ)

ਕਮਿਸ਼ਨਰ ਜੀ ਨੇ ਮਿਤੀ 29.1.18 ਰਾਹੀਂ ਕਮੇਟੀ ਦੀ ਉਪਰੋਕਤ ਤਜ਼ਵੀਜ਼ ਨਗਰ ਨਗਮ ਹਾਊਸ ਵਿੱਚ ਰੱਖਣ ਲਈ ਸਹਿਮਤੀ ਹਸਤਾਖਰ ਕੀਤੇ ਹਨ ਅਤੇ ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 15.2.18 ਨਾਲ ਉਕਤ ਤਜ਼ਵੀਜ਼ ਨਗਰ ਨਿਗਮ ਹਾਊਸ ਵਿੱਚ ਵਿਚਾਰਣ ਅਤੇ ਫੈਸਲੇ ਹਿੱਤ ਪੇਸ਼ ਹੈ ਜੀ ।

ਫੈਸਲਾ:
ਵਿਚਾਰਣ ਉਪਰੰਤ ਇਸ ਮੱਦ ਸਬੰਧੀ ਇੱਕ ਕਮੇਟੀ ਦੇ ਗਠਨ ਕਰਨ ਦਾ ਅਧਿਕਾਰ
ਸਰਵਸੰਮਤੀ ਨਾਲ ਮੇਅਰ ਜੀ ਨੂੰ ਦਿੱਤਾ ਜਾਂਦਾ ਹੈ ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
5.3.2018

ਮਤਾ ਨੰਬਰ:-3

ਵਿਸ਼ਾ :- ਅੰਗਹੀਣ ਕੋਟੇ ਅਧੀਨ ਸਫਾਈ ਸੇਵਕ ਤੋਂ ਬਤੋਰ ਸੈਨੇਟਰੀ ਸੁਪਰਵਾਈਜ਼ਰ ਪਦਉਨਤੀ ਕਰਨ ਸਬੰਧੀ ਸਬ-ਕਮੇਟੀ ਦੀ ਮੀਟਿੰਗ ਮਿਤੀ : 19.01.2018 ਨੂੰ ਹੋਈ ਕਾਰਵਾਈ ਸਬੰਧੀ।

ਨਗਰ ਨਿਗਮ, ਜਲੰਧਰ ਵਿਖੇ ਅੰਗਹੀਣ ਕੋਟੇ ਅਧੀਨ ਬਤੋਰ ਸਫਾਈ ਸੇਵਕ ਕੰਮ ਕਰ ਰਹੇ ਸਫਾਈ ਸੇਵਕਾਂ ਨੂੰ ਬਤੋਰ ਸੈਨੇਟਰੀ ਸੁਪਰਵਾਈਜ਼ਰ ਪਦਉਨਤ ਕਰਨ ਲਈ 19.01.2018 ਨੂੰ ਮਾਣਯੋਗ ਵਧੀਕ ਕਮਿਸ਼ਨਰ ਜੀ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਸਬ-ਕਮੇਟੀ ਦੇ ਹੇਠ ਲਿਖੇ ਮੈਂਬਰ ਸ਼ਾਮਿਲ ਹੋਏ :-

1. ਸ਼੍ਰੀ ਸੰਦੀਪ, ਉਪ-ਸੰਚਾਲਕ (ਵਿੱਤ ਅਤੇ ਲੇਖਾ)
2. ਸ਼੍ਰੀਮਤੀ ਨਵਸੰਦੀਪ ਕੌਰ, ਅਮਲਾ ਸੁਪਰਡੰਟ
3. ਸ਼੍ਰੀ ਅਸ਼ਵਨੀ ਕੁਮਾਰ, ਲੀਗਲ ਸਹਾਇਕ

ਮੀਟਿੰਗ ਦੀ ਸ਼ੁਰੂਆਤ ਵਿੱਚ ਅਮਲਾ ਸੁਪਰਡੰਟ ਵੱਲੋ ਸਬ-ਕਮੇਟੀ ਨੂੰ ਸੂਚਿਤ ਕੀਤਾ ਗਿਆ ਕਿ ਸ਼੍ਰੀ ਕੁਲਵਿੰਦਰ ਸਿੰਘ, ਸਫਾਈ ਸੇਵਕ ਵੱਲੋ ਬੇਨਤੀ ਕੀਤੀ ਗਈ ਹੈ ਕਿ ਸਿਹਤ ਸ਼ਾਖਾ ਵੱਲੋ ਹੁਕਮ ਨੰ : 1604/ਐਚ. ਮਿਤੀ : 29.08.2008 ਰਾਹੀਂ 14 ਸਫਾਈ ਸੇਵਕਾਂ ਨੂੰ ਅਤੇ ਦਫ਼ਤਰੀ ਹੁਕਮ ਨੰ : 2299 ਮਿਤੀ : 30.03.2016 ਰਾਹੀਂ 29 ਸਫਾਈ ਸੇਵਕਾਂ ਨੂੰ ਬਤੋਰ ਸੈਨੇਟਰੀ ਸੁਪਰਵਾਈਜ਼ਰ ਪੱਦਉਨਤ ਕੀਤਾ ਗਿਆ ਸੀ ਪ੍ਰੰਤੂ ਇਹਨਾਂ ਪਦਉਨਤੀਆਂ ਵਿੱਚ ਅੰਗਹੀਣ ਕੋਟੇ ਅਧੀਨ ਕੰਮ ਕਰ ਰਹੇ ਕਰਮਚਾਰੀਆਂ ਨੂੰ ਪਦਉਨਤ ਹਿਤ ਨਹੀਂ ਵਿਚਾਰਿਆ ਗਿਆ, ਇਸ ਲਈ ਉਸਨੂੰ ਅੰਗਹੀਣ ਕੋਟੇ ਅਧੀਨ ਬਣਦੀ ਪਦਉਨਤੀ ਦਾ ਲਾਭ ਦਿੱਤਾ ਜਾਵੇ।

ਰਿਕਾਰਡ ਅਨੁਸਾਰ ਮੌਜੂਦਾ ਸਮੇਂ ਨਗਰ ਨਿਗਮ, ਜਲੰਧਰ ਵਿੱਚ ਸੈਨੇਟਰੀ ਸੁਪਰਵਾਈਜ਼ਰ ਦੀਆਂ 60 ਅਸਾਮੀਆਂ ਪ੍ਰਵਾਨਤ ਹਨ, ਜਿਸ ਵਿੱਚ 49 ਅਸਾਮੀਆਂ ਭਰੀਆਂ ਅਤੇ 11 ਅਸਾਮੀਆਂ ਖਾਲੀ ਹਨ ਅਤੇ ਸਰਕਾਰ ਦੀਆਂ ਹਦਾਇਤਾਂ ਦੇ ਅਨੁਸਾਰ ਰੋਸਟਰ ਨੁਕਤਾ ਨੰ : 10 ਅਤੇ 40 ਅੰਗਹੀਣ ਕਰਮਚਾਰੀਆਂ ਹਿੱਤ ਰਾਖਵਾਂ ਹੈ। ਅੰਗਹੀਣ ਸਫਾਈ ਸੇਵਕਾਂ ਦੀ ਸੀਨੀਅਰਤਾ ਸੂਚੀ ਤੇ ਲੜੀ ਨੰ : 1 ਤੇ ਸ਼੍ਰੀ ਵਿਲਸਨ ਭੱਟੀ, ਲੜੀ ਨੰ : 2 ਤੇ ਸ਼੍ਰੀ ਕੁੱਲਵਿੰਦਰ ਸਿੰਘ ਅਤੇ ਲੜੀ ਨੰ : 3 ਤੇ ਸ਼੍ਰੀ ਚੰਦੂ ਰਾਮ, ਸਫਾਈ ਸੇਵਕ ਦਾ ਨਾਮ ਦਰਜ ਹੈ। ਸ਼੍ਰੀ ਵਿਲਸਨ ਭੱਟੀ, ਸਫਾਈ ਸੇਵਕ ਜਿਸਦਾ ਨਾਮ ਅੰਗਹੀਣ ਸਫਾਈ ਸੇਵਕਾਂ ਦੀ ਸੀਨੀਅਰਤਾ ਸੂਚੀ ਵਿੱਚ ਲੜੀ ਨੰ : 1 ਤੇ ਹੈ, ਵੱਲੋ ਮਿਤੀ : 10.01.2018 ਨੂੰ ਸਬ-ਕਮੇਟੀ ਦੇ ਫੈਸਲੇ ਅਨੁਸਾਰ ਚੇਅਰਮੈਨ ਜੀ ਸੰਨਮੁੱਖ ਪੇਸ਼ ਹੋ ਕੇ ਬਿਆਨ ਦਿੱਤਾ ਗਿਆ ਹੈ ਕਿ ਉਹ ਸਫਾਈ ਸੇਵਕ ਤੋਂ ਸੈਨੇਟਰੀ ਸੁਪਰਵਾਈਜ਼ਰ ਦੀ ਪਦਉਨਤੀ ਨਹੀਂ ਲੈਣਾ ਚਾਹੁੰਦਾ ਅਤੇ ਸੀਨੀਅਰਤਾ ਵਿੱਚ ਉਸ ਤੋਂ ਅਗਲੇ ਉਮੀਦਵਾਰ ਨੂੰ ਪਦਉਨਤ ਕਰ ਦਿੱਤਾ ਜਾਵੇ ਤਾਂ ਉਸ ਨੂੰ ਇਸ ਵਿੱਚ ਕੋਈ ਇਤਰਾਜ਼ ਨਹੀਂ ਹੋਵੇਗਾ।

ਸ਼੍ਰੀ ਕੁਲਵਿੰਦਰ ਸਿੰਘ, ਸਫਾਈ ਸੇਵਕ ਅਤੇ ਸ਼੍ਰੀ ਚੰਦੂ ਰਾਮ, ਸਫਾਈ ਸੇਵਕ ਦਾ ਨਾਮ ਅੰਗਹੀਣ ਸਫਾਈ ਸੇਵਕਾਂ ਦੀ ਸੀਨੀਅਰਤਾ ਸੂਚੀ ਵਿੱਚ ਕ੍ਰਮਵਾਰ ਲੜੀ ਨੰ : 2 ਅਤੇ 3 ਤੇ ਹੈ। ਇਹਨਾਂ ਕਰਮਚਾਰੀਆਂ ਦੀਆਂ ਗੁਪਤ ਰਿਪੋਰਟਾ ਅਤੇ ਰਿਕਾਰਡ ਦੀ ਘੋਖ ਕਰਨ ਉਪਰੰਤ ਸਬ-ਕਮੇਟੀ ਵੱਲੋ ਪਾਇਆ ਗਿਆ ਕਿ ਇਹਨਾਂ ਦੀਆਂ ਗੁਪਤ ਰਿਪੋਰਟਾਂ ਵਿੱਚ ਕੋਈ ਗਲਤ ਇੰਦਰਾਜ ਨਹੀਂ ਹੈ ਅਤੇ ਰਿਕਾਰਡ ਅਨੁਸਾਰ ਇਹਨਾਂ ਵਿਰੁੱਧ ਕੋਈ ਵਿਭਾਗੀ/ਚੋਕਸੀ ਜਾਂਚ ਲੰਬਿਤ ਨਹੀਂ ਹੈ।

ਉਪਰੋਕਤ ਨੂੰ ਮੁੱਖ ਰੱਖਦੇ ਹੋਏ ਸਬ-ਕਮੇਟੀ ਵੱਲੋ ਵਿਚਾਰ ਵਟਾਂਦਰਾ ਕਰਨ ਉਪਰੰਤ ਹੇਠ ਲਿਖੇ ਫੈਸਲੇ ਲਏ ਗਏ :-

1. ਸ਼੍ਰੀ ਵਿਲਸਨ ਭੱਟੀ, ਸਫਾਈ ਸੇਵਕ, (ਅੰਗਹੀਣ ਕੋਟੇ ਦੀ ਸੀਨੀਅਰਤਾ ਸੂਚੀ ਵਿੱਚ ਲੜੀ ਨੰ: 1) ਦੀ ਪਦਉਨਤੀ ਨਾ ਲੈਣ ਦੀ ਆਪਸ਼ਨ ਅਨੁਸਾਰ ਇਸ ਕਰਮਚਾਰੀ ਨੂੰ ਪਦਉਨਤੀ ਤੋਂ 1 ਸਾਲ ਲਈ ਡੀ-ਬਾਰ ਕਰਨ ਦੀ ਸਿਫਾਰਿਸ਼ ਕੀਤੀ ਜਾਂਦੀ ਹੈ।
2. ਸ਼੍ਰੀ ਕੁੱਲਵਿੰਦਰ ਸਿੰਘ ਸਫਾਈ ਸੇਵਕ, (ਅੰਗਹੀਣ ਕੋਟੇ ਦੀ ਸੀਨੀਅਰਤਾ ਸੂਚੀ ਵਿੱਚ ਲੜੀ ਨੰ : 2) ਨੂੰ ਸਫਾਈ ਸੇਵਕ ਤੋਂ ਸੈਨੇਟਰੀ ਸੁਪਰਵਾਈਜ਼ਰ ਪਦਉਨਤੀ ਰੋਸਟਰ ਦੇ ਨੁਕਤਾ ਨੰ : 10 ਵਿਰੁੱਧ ਪਦਉਨਤ ਕਰਨ ਦੀ ਸਿਫਾਰਿਸ਼ ਕੀਤੀ ਜਾਂਦੀ ਹੈ।
3. ਸ਼੍ਰੀ ਚੰਦੂ ਰਾਮ, ਸਫਾਈ ਸੇਵਕ (ਅੰਗਹੀਣ ਕੋਟੇ ਦੀ ਸੀਨੀਅਰਤਾ ਸੂਚੀ ਵਿੱਚ ਲੜੀ ਨੰ : 3) ਨੂੰ ਸਫਾਈ ਸੇਵਕ ਤੋਂ ਸੈਨੇਟਰੀ ਸੁਪਰਵਾਈਜ਼ਰ ਪਦਉਨਤੀ ਰੋਸਟਰ ਦੇ ਨੁਕਤਾ ਨੰ: 40 ਵਿਰੁੱਧ ਪਦਉਨਤ ਕਰਨ ਦੀ ਸਿਫਾਰਿਸ਼ ਕੀਤੀ ਜਾਂਦੀ ਹੈ।

ਸਹੀ/-	ਸਹੀ/-
ਜਸਬੀਰ ਸਿੰਘ, ਵਧੀਕ ਕਮਿਸ਼ਨਰ	ਸੰਦੀਪ ਕੁਮਾਰ, ਉਪ ਸੰਚਾਲਕ (ਵਿੱਤ ਅਤੇ ਲੇਖਾ)
(ਚੇਅਰਮੈਨ)	(ਮੈਂਬਰ)
ਸਹੀ/-	ਸਹੀ/-
ਨਵਸੰਦੀਪ ਕੌਰ, ਅਮਲਾ ਸੁਪਰਡੰਟ	ਅਸ਼ਵਨੀ ਕੁਮਾਰ, ਲੀਗਲ ਸਹਾਇਕ
(ਮੈਂਬਰ ਸਕੱਤਰ)	(ਮੈਂਬਰ)

ਕਮਿਸ਼ਨਰ ਜੀ ਨੇ ਮਿਤੀ 29.1.18 ਰਾਹੀਂ ਕਮੇਟੀ ਦੀ ਉਪਰੋਕਤ ਤਜ਼ਵੀਜ਼ ਨਗਰ ਨਗਮ ਹਾਊਸ ਵਿੱਚ ਰੱਖਣ ਲਈ ਸਹਿਮਤੀ ਹਸਤਾਖਰ ਕੀਤੇ ਹਨ ਅਤੇ ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 15.2.18 ਨਾਲ ਉਕਤ ਤਜ਼ਵੀਜ਼ ਨਗਰ ਨਿਗਮ ਹਾਊਸ ਵਿੱਚ ਵਿਚਾਰਣ ਅਤੇ ਫੈਸਲੇ ਹਿੱਤ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

5.3.2018

ਮਤਾ ਨੰਬਰ:-4

ਵਿਸ਼ਾ: ਸ੍ਰੀ ਜੀਵਨਜੋਤ ਸਿੰਘ, ਕਲਰਕ, ਨਗਰ ਨਿਗਮ,ਜਲੰਧਰ ਦੀ ਬਦਲੀ ਨਗਰ ਨਿਗਮ, ਲੁਧਿਆਣਾ ਵਿਖੇ ਕਰਨ ਸਬੰਧੀ।

ਪੜਿਆ ਨੋਟ ਅਮਲਾ ਸ਼ਾਖਾ ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿਚ ਰਿਪੋਰਟ ਕੀਤੀ ਜਾਂਦੀ ਹੈ ਕਿ ਸ੍ਰੀ ਜੀਵਨਜੋਤ ਸਿੰਘ ਪੁੱਤਰ ਸ੍ਰੀ ਅਮਰਜੀਤ ਸਿੰਘ, ਕਲਰਕ, ਸ਼ਿਕਾਇਤ ਸੈਲ ਨੇ ਬੇਨਤੀ ਕੀਤੀ ਹੈ ਕਿ ਉਸ ਦਾ ਜੱਦੀ ਘਰ ਲੁਧਿਆਣਾ ਵਿਖੇ ਹੈ, ਜਿਥੇ ਉਸ ਦੇ ਮਾਤਾ ਇਕੱਲੇ ਰਹਿੰਦੇ ਹਨ, ਉਹ ਕਾਫੀ ਬਜੁਰਗ ਹੋ ਗਏ ਹਨ ਅਤੇ ਉਹ ਹਾਰਟ, ਸ਼ੂਗਰ ਅਤੇ ਗੋਡਿਆ ਦੀ ਬੀਮਾਰੀ ਤੋ ਪੀੜਤ ਹਨ।ਜਿਸ ਕਾਰਣ ਉਹ ਆਪਣੀ ਦੇਖਭਾਲ ਕਰਨ ਵਿਚ ਅਸਮਰਥ ਹਨ, ਉਸ ਤੋ ਸਿਵਾਏ ਘਰ ਵਿਚ ਹੋਰ ਕੋਈ ਪੁਰਸ਼ ਮੈਬਰ ਨਹੀ ਹੈ।ਇਸ ਲਈ ਉਹ ਨਿਗਮ,ਜਲੰਧਰ ਤੋ ਨਗਰ ਨਿਗਮ, ਲੁਧਿਆਣਾ ਵਿਖੇ ਬਦਲੀ ਕਰਵਾਉਣਾ ਚਾਹੁੰਦਾ ਹੈ।ਸਿਹਤ ਸ਼ਾਖਾ ਦੀ ਰਿਪੋਰਟ ਅਨੁਸਾਰ ਇਸ ਕਰਮਚਾਰੀ ਦੇ ਵਿਰੁੱਧ ਕੋਈ ਵੀ ਵਿਭਾਗੀ ਜਾਂ ਚੌਕਸੀ ਜਾਂਚ ਲੰਬਿਤ ਨਹੀ ਹੈ।

ਇਸ ਕਰਮਚਾਰੀ ਦੀ ਬਦਲੀ ਦਾ ਮਾਮਲਾ ਵਿਚਾਰਦੇ ਹੋਏ ਇਸ ਦਫ਼ਤਰ ਦੇ ਪੱਤਰ ਨੰ: 1709/ਈ.ਐਸ./ਜੀ ਮਿਤੀ: 15.03.2017 ਰਾਂਹੀ ਇਸ ਕਰਮਚਾਰੀ ਦੀ ਬਦਲੀ ਸਬੰਧੀ ਸਹਿਮਤੀ ਨਗਰ ਨਿਗਮ, ਲੁਧਿਆਣਾ ਪਾਸੋ ਮੰਗੀ ਗਈ ਸੀ, ਨਗਰ ਨਿਗਮ, ਲੁਧਿਆਣਾ ਵਲੋਂ ਆਪਣੇ ਪੱਤਰ ਨੰ: 279/ਐਮ.ਓ.ਈ.ਡੀ. ਮਿਤੀ: 29.01.2018 ਰਾਂਹੀ ਸਪੱਸ਼ਟ ਕੀਤਾ ਗਿਆ ਹੈ ਕਿ ਨਗਰ ਨਿਗਮ, ਲੁਧਿਆਣਾ ਨੂੰ ਇਸ ਕਰਮਚਾਰੀ ਨੂੰ ਨਗਰ ਨਿਗਮ, ਲੁਧਿਆਣਾ ਵਿਖੇ ਅਡਾਪਟ ਕਰਨ ਸਬੰਧੀ ਕੋਈ ਇਤਰਾਜ ਨਹੀ ਹੈ।ਸ੍ਰੀ ਜੀਵਨਜੋਤ ਸਿੰਘ ਪੁੱਤਰ ਸ੍ਰੀ ਅਮਰਜੀਤ ਸਿੰਘ, ਕਲਰਕ ਦੀ ਬਦਲੀ ਨਗਰ ਨਿਗਮ,ਜਲੰਧਰ ਤੋ ਨਗਰ ਨਿਗਮ,ਲੁਧਿਆਣਾ ਵਿਖੇ ਕਰਨ ਲਈ ਹਾਊਸ ਦੀ ਪ੍ਰਵਾਨਗੀ ਲੋੜੀਂਦੀ ਹੈ । ਕਮਿਸ਼ਨਰ ਜੀ ਨੇ ਮਿਤੀ 28.2.18 ਰਾਹੀਂ ਉਪਰੋਕਤ ਤਜ਼ਵੀਜ਼ ਨਗਰ ਨਗਮ ਹਾਊਸ ਵਿੱਚ ਰੱਖਣ ਲਈ ਸਹਿਮਤੀ ਹਸਤਾਖਰ ਕੀਤੇ ਹਨ ਅਤੇ ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 28.2.18 ਨਾਲ ਉਕਤ ਤਜ਼ਵੀਜ਼ ਨਗਰ ਨਿਗਮ ਹਾਊਸ ਵਿੱਚ ਵਿਚਾਰਣ ਅਤੇ ਫੈਸਲੇ ਹਿੱਤ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

5.3.2018

ਮਤਾ ਨੰਬਰ:-5

ਵਿਸ਼ਾ: ਨਗਰ ਨਿਗਮ, ਜਲੰਧਰ ਵਿੱਚ ਡਾਗ/ਕੈਟਲ ਕੈਚਰ (ਸੀਵਰਮੈਂਨ) ਵਜੋਂ ਕੰਮ ਕਰ ਰਹੇ ਆਰਜੀ ਕਰਮਚਾਰੀਆਂ ਨੂੰ ਦਿਤੇ ਜਾਣ ਵਾਲੇ ਇੰਮਪਲਾਇਰ ਸ਼ੇਅਰ ਦੇ ਸਬੰਧ ਵਿੱਚ।

ਪੜ੍ਹਿਆ ਨੋਟ ਸਹਾਇਕ ਸਿਹਤ ਅਫਸਰ ਮਿਤੀ 26.2.2018 ਕਿ ਨਗਰ ਨਿਗਮ, ਜਲੰਧਰ ਦੀ ਓ.ਐਂਡ ਐਂਮ ਸ਼ਾਖਾ ਵਲੋਂ ਆਰਜੀ ਤੌਰ ਤੇ ਰਖੇ ਗਏ ਸੀਵਰਮੈਂਨਾਂ ਵਿੱਚੋਂ ਪੰਜ ਬੰਦੇ ਡਾਗ/ਕੈਟਲ ਕੈਚਰ ਦਾ ਕੰਮ ਕਰ ਰਹੇ ਹਨ। ਇਹਨਾਂ ਪੰਜ ਆਰਜੀ ਕਰਮਚਾਰੀਆਂ ਨੂੰ ਡੀ.ਸੀ. ਰੇਟ ਰੁਪਏ 7600/- ਪ੍ਰਤੀ ਮਹੀਨਾ ਦੇ ਹਿਸਾਬ ਨਾਲ 7600 x 5 = 38000 x 12 = 456000/- ਇਕ ਸਾਲ ਲਈ ਤਨਖਾਹ ਦੇਣ ਦੀ ਪ੍ਰਵਾਨਗੀ ਮਤਾ ਨੰ:102 ਮਿਤੀ 05.12.2016 ਰਾਹੀਂ ਮਾਨਯੋਗ ਹਾਊਸ ਤੋਂ ਲਈ ਗਈ ਸੀ ਪਰ ਇਹਨਾਂ ਕਰਮਚਾਰੀਆਂ ਨੂੰ ਦਿਤੇ ਜਾਣ ਵਾਲੇ ਇੰਮਪਲਾਇਰ ਸ਼ੇਅਰ ਦੀ ਪ੍ਰਵਾਨਗੀ ਮਾਨਯੋਗ ਹਾਊਸ ਤੋਂ ਨਹੀਂ ਲਈ ਗਈ ਸੀ। ਇਹਨਾਂ ਕਰਮਚਾਰੀਆਂ ਨੂੰ ਇੰਮਪਲਾਇਰ ਸ਼ੇਅਰ ਦੇਣ ਦੀ ਪ੍ਰਵਾਨਗੀ ਮਾਨਯੋਗ ਕਮਿਸ਼ਨਰ ਜੀ ਦੇ ਹੁਕਮ ਮਿਤੀ 07.09 2017 ਰਾਹੀਂ ਲੈ ਲਈ ਗਈ ਸੀ ।

ਕਿਉਂਜੋ ਇਹਨਾਂ ਡਾਗ/ਕੈਟਲ ਕੈਚਰਾਂ (ਸੀਵਰਮੈਂਨਾਂ) ਨੂੰ ਇੰਮਪਲਾਇਰ ਸ਼ੇਅਰ ਦੀ ਅਦਾਇਗੀ ਰੁਪਏ 7600/- ਅਨੁਸਾਰ ਕਰਨ ਲਈ ਈ.ਪੀ.ਐਫ 7600 x 13.61% =1034 x 5 = 5170 ਅਤੇ ਈ.ਐਸ.ਆਈ 7600 x 4.75% = 1805 ਕੁਲ 5170+1805=6975 x 12 = 83700/- ਮਿਤੀ 12.04.2017 ਤੋਂ 11.04.2018 ਤੱਕ ਇਕ ਸਾਲ ਦੀ ਪ੍ਰਵਾਨਗੀ ਹਾਊਸ ਤੋਂ ਲੈਣੀ ਬਣਦੀ ਹੈ। ਕਮਿਸ਼ਨਰ ਜੀ ਨੇ ਮਿਤੀ 10.2.18 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ।

ਮਾਣਯੋਗ ਮੇਅਰ ਜੀ ਦੇ ਆਦੇਸ਼ ਮਿਤੀ : 28.02.2018 ਰਾਹੀ ਤਜ਼ਵੀਜ਼ ਨਗਰ ਨਿਗਮ ਹਾਊਸ ਵਿੱਚ ਵਿਚਾਰਣ ਅਤੇ ਫੈਸਲੇ ਹਿੱਤ ਪੇਸ਼ ਹੈ ਜੀ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

5.3.2018

ਮਤਾ ਨੰਬਰ:-6

ਵਿਸ਼ਾ:- ਐਮ.ਐਸ.ਡਬਲਿਊ ਮੈਨੇਜਮੈਂਟ ਵਾਸਤੇ ਚੈਸਿਸ ਖਰੀਦਣ ਲਈ।

ਪੜ੍ਹਿਆ ਨੋਟ ਸਿਹਤ ਅਫ਼ਸਰ ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਹੈਲਥ ਸ਼ਾਖਾ ਲਈ 8 ਕਰੇਨ ਸਪੈਸ਼ਸਲਾਇਡ ਸਮਾਰਟ ਟਰੱਕ ਅਤੇ 2 ਹੁੱਕ ਸਪੈਸ਼ਸਲਾਇਡ ਸਮਾਰਟ ਟਰੱਕ ਲੈਣ ਦੀ ਜਰੂਰਤ ਹੈ। ਇਹਨਾਂ ਦੀ ਫੈਬਰੀਕੇਸ਼ਨ ਕਰਵਾਉਣ ਲਈ 16 ਟਨ ਕਪੈਸਟੀ ਅਤੇ ਬੀਲ ਬੇਸ ਮੀਨੀਮਮ 4225 ਐਮ.ਐਮ ਚਾਹੀਦਾ ਹੈ। 1 ਚੈਸੀ ਦੀ ਕੀਮਤ ਲਗਭਗ ਰੁ:17.00 ਲੱਖ ਰੁਪਏ ਹੈ ਅਤੇ ਇਸ ਤਰ੍ਹਾਂ 1 ਕਰੋੜ 70 ਲੱਖ ਰੁਪਏ ਟੈਨਟੇਟੀਵ ਕੋਸਟ ਬਣਦੀ ਹੈ।

ਨਗਰ ਨਿਗਮ ਹਾਊਸ ਵੱਲੋਂ ਮਿਤੀ 06.09.2017 ਨੂੰ 150 T.P.D. ਲਈ ਸਮਾਰਟ ਬਿਨ ਅਤੇ ਸੈਕੰਡਰੀ ਕੁਲੈਕਸ਼ਨ ਦਾ ਮਤਾ ਪਾਸ ਕੀਤਾ ਹੋਇਆ ਹੈ ਜਿਸ ਦਾ RFP ਵੀ ਸਰਕਾਰ ਪਾਸ ਭੇਜਿਆ ਹੋਇਆ ਹੈ। ਉਪਰੋਕਤ ਚੋਸਿਸ ਉਸ ਹੀ Project ਅਧੀਨ ਖਰੀਦੀਆਂ ਜਾਣੀਆਂ ਹਨ। ਮੁੱਖ ਇੰਜਿਨੀਅਰ (O&M) ਜੋ ਉਪਰੋਕਤ RFP ਨੂੰ Vet ਕਰ ਰਹੇ ਹਨ ਉਹਨਾਂ ਨਾਲ ਰਾਏ ਉਪਰੰਤ ਹੀ ਇਹ Chasis ਦੀ ਖਰੀਦ ਕੀਤੀ ਜਾ ਰਹੀ ਹੈ। ਇਹਨਾਂ Chasis ਸਬੰਧੀ funding SBM ਅਧੀਨ ਕੀਤੀ ਜਾਵੇਗੀ।

ਇਸ ਕਰਕੇ ਤਜਵੀਜ ਕੀਤੀ ਜਾਂਦੀ ਹੈ ਕਿ ਉਪਰੋਕਤ ਵਿਸ਼ੇ ਅਨੁਸਾਰ 10 ਚੈਸੀਸ ਵਾਸਤੇ 1 ਕਰੋੜ 70 ਲੱਖ ਰੁਪਏ ਦੀ ਮੰਨਜੂਰੀ ਦਿਤੀ ਜਾਵੇ ਅਤੇ ਇਹ ਚੈਸਿਸ ਪਹਿਲ ਦੇ ਅਧਾਰ ਤੇ ਜੈਮਪੋਟਲ ਤੋਂ ਅਸ਼ੋਕਾ ਲੇਲੈਂਡ/ਟਾਟਾ/ਆਇਸ਼ਰ ਤੋਂ ਖਰੀਦੀ ਜਾਣ ਦੀ ਤਜਵੀਜ ਹੈ। ਅਗਰ ਉਸ ਵੇਲੇ ਇਹ ਚੈਸਿਸ ਜੈਮਪੋਟਲ ਤੇ ਨਹੀ ਮਿਲਦੀਆਂ ਤਾਂ ਡੀਲਰ ਕੋਲੋਂ ਘੱਟੋ ਘੱਟ ਰੇਟਾਂ ਤੇ ਸਰਕਾਰ ਦੇ ਨਿਯਮਾਂ ਅਨੁਸਾਰ ਖਰੀਦੀ ਜਾਣ ਦੀ ਤਜਵੀਜ ਕੀਤੀ ਜਾਂਦੀ ਹੈ।ਜਿਸ ਲਈ ਹਾਊਸ ਦੀ ਪ੍ਰਵਾਨਗੀ ਲੋੜੀਂਦੀ ਹੈ । ਕਮਿਸ਼ਨਰ ਜੀ ਨੇ ਮਿਤੀ 10.2.18 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ।

ਮਾਣਯੋਗ ਮੇਅਰ ਜੀ ਦੇ ਆਦੇਸ਼ ਮਿਤੀ 24.02.2018 ਰਾਹੀ ਤਜ਼ਵੀਜ਼ ਨਗਰ ਨਿਗਮ ਹਾਊਸ ਵਿੱਚ ਵਿਚਾਰਣ ਅਤੇ ਫੈਸਲੇ ਹਿੱਤ ਪੇਸ਼ ਹੈ ਜੀ।

ਫੈਸਲਾ:

ਵਿਚਾਰਣ ਉਪਰੰਤ ਇਹ ਮੱਦ ਲੰਬਿਤ ਰੱਖੀ ਜਾਂਦੀ ਹੈ ਅਤੇ ਇਸ ਸਬੰਧੀ ਇੱਕ ਕਮੇਟੀ ਦੇ ਗਠਨ ਕਰਨ ਦਾ ਅਧਿਕਾਰ ਸਰਵਸੰਮਤੀ ਨਾਲ ਮੇਅਰ ਜੀ ਨੂੰ ਦਿੱਤਾ ਗਿਆ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

5.3.2018

ਮਤਾ ਨੰਬਰ:-7

ਵਿਸ਼ਾ:- ਐਮ.ਐਸ.ਡਬਲਿਊ ਮੈਨੇਜਮੈਂਟ ਵਾਸਤੇ ਰਿਕਸ਼ਾ ਸਮੇਤ ਬਿਨਸ ਖਰੀਦਣ ਬਾਰੇ।

ਪੜਿਆ ਨੋਟ ਸਿਹਤ ਅਫ਼ਸਰ ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦਸਿਆ ਜਾਂਦਾ ਹੈ ਕਿ ਨਗਰ ਨਿਗਮ ਦੀ ਸਿਹਤ ਸ਼ਾਖਾ ਵਿੱਚ ਇਸ ਵੇਲੇ ਪੁਰਾਣੇ ਲੱਕੜ ਦੇ ਰਿਕਸ਼ੇ ਚਲ ਰਹੇ ਹਨ। ਜਿਹਨਾਂ ਦੀ ਹਾਲਤ ਇਸ ਵੇਲੇ ਬਹੁਤ ਖਸਤਾ ਹੈ। ਸਿਹਤ ਸ਼ਾਖਾ ਨੂੰ ਇਸ ਵੇਲੇ 600 ਰਿਕਸ਼ਿਆਂ ਦੀ ਜਰੂਰਤ ਹੈ। ਜਿਹੜੇ ਕਿ ਐਮ.ਐਸ.ਡਬਲਿਊ ਮੈਨੇਜਮੈਂਟ 2016 ਰੂਲਾਂ ਨੂੰ ਮੁੱਖ ਰੱਖ ਕੇ ਬਣਾਉਣੇ ਜਰੂਰੀ ਹਨ। ਸੈਨੇਟਰੀ ਇੰਸਪੈਕਟਰਾਂ ਨਾਲ ਵਿਚਾਰ ਵਟਾਂਦਰੇ ਤੋਂ ਬਾਅਦ ਇਹ ਫੈਸਲਾ ਕੀਤਾ ਗਿਆ ਹੈ ਕਿ ਇਸ ਰਿਕਸ਼ੇ ਦਾ ਡਿਜਾਇਨ ਇਸ ਤਰ੍ਹਾਂ ਬਣਾਇਆ ਜਾਵੇ ਕਿ ਇਹ ਰਿਕਸ਼ਾ ਲੰਬਾਈ ਵਿਚ 66 ਇੰਚ ਲੰਬਾ ਹੋਵੇ ਅਤੇ ਲਗਭਗ 36 ਇੰਚ ਚੋੜਾ ਹੋਵੇ ਇਸਦੇ 8 ਖਾਨੇ ਹੋਣ ਅਤੇ ਇਸ ਦੇ ਟਾਇਰ ਮੋਟਰ ਸਾਇਕਲ ਦੇ ਟਾਇਰ ਹੋਣ ਅਤੇ ਇਸ ਵਿਚ 40 ਲੀਟਰ ਦੇ 8 ਬਿਨ ਰੱਖੇ ਜਾਣ ਤਾਂ ਜੋ 1 ਰਿਕਸ਼ੇ ਦੀ ਕਪੈਸਟੀ 300 ਲੀਟਰ ਤੋਂ ਉਪਰ ਹੋਵੇ ਜਿਹੜੀ ਕਿ ਇਸ ਹਿਸਾਬ ਨਾਲ 320 ਲੀਟਰ ਬਣਦੀ ਹੈ। ਮੋਟਰ ਸਾਇਕਲ ਦੇ ਟਾਇਰ ਲਗਾਉਣ ਨਾਲ ਇਨਾਂ ਭਾਰਾ ਰਿਕਸ਼ਾ ਖਿਚਣ ਵਿਚ ਅਸਾਨੀ ਰਹਿੰਦੀ ਹੈ। ਸਟਾਫ ਵੱਲੋ ਇਹ ਵੀ ਦਸਿਆ ਗਿਆ ਹੈ ਕਿ ਇਸ ਤਰ੍ਹਾਂ ਦੇ ਪਾਇਲਟ ਪ੍ਰਜੈਕਟ ਅਧੀਨ ਇਸ ਤਰ੍ਹਾਂ ਦੇ 10 ਰਿਕਸ਼ੇ ਸ਼ਹਿਰ ਵਿਚ ਬੜੀ ਕਾਮਯਾਬੀ ਨਾਲ 1 ਸਾਲ ਤੋਂ ਵੱਧ ਸਮੇਂ ਤੋਂ ਚਲ ਰਹੇ ਹਨ। ਸਟਾਫ ਵੱਲੋ ਇਹ ਵੀ ਦਸਿਆ ਗਿਆ ਹੈ ਕਿ ਇਹਨਾਂ ਰਿਕਸ਼ਿਆਂ ਵਿਚ ਰੱਖੇ ਹੋਏ ਡਸਟਬਿਨ ਦਾ ਫਾਇਦਾ ਇਹ ਹੈ ਕਿ ਘਰਾਂ ਚੋ ਕੂੜਾ ਇਹਨਾ ਡਸਟਬਿਨਾਂ ਵਿਚ ਪਾਉਣ ਤੋ ਬਾਅਦ ਇਹਨਾਂ ਰਿਕਸ਼ਿਆ ਦੇ ਡਸਟਬਿਨ ਨੂੰ ਬੜੀ ਕਾਮਯਾਬੀ ਨਾਲ ਕਿਸੇ ਵੀ ਟਾਟਾ ਐਸ ਥ੍ਰੀਵੀਲਰ, ਟਰਾਲੀ ਯਾਂ ਰਿਫਿਊਸ ਕੰਮਪੈਕਟਰ ਵਿਚ ਪਾਇਆ ਜਾ ਸਕਦਾ ਹੈ। ਇਸ ਕਰਕੇ ਇਹ ਤਜਵੀਜ ਕੀਤੀ ਜਾਂਦੀ ਹੈ ਕਿ 1 ਰਿਕਸ਼ਾ ਸਮੇਤ 40 ਲੀਟਰ ਦੇ 8 ਬਿਨ ਦੇ ਨਾਲ ਬਣਾਇਆ ਜਾਵੇ ਜਿਸ ਦੇ ਪਿਛਲੇ ਟਾਇਰ ਮੋਟਰ ਸਾਇਕਲ ਦੇ ਲਗਾਏ ਜਾਣ। 1 ਰਿਕਸ਼ਾ ਦੀ ਕੀਮਤ ਲਗਭਗ ਰੁ:25,000/- ਸਮੇਤ 40 ਲੀਟਰ 8 ਬਿਨ ਦੇ ਲਗਭਗ ਹੈ। ਇਹ ਰਿਕਸ਼ੇ ਸਵੱਛ ਭਾਰਤ ਦੇ ਫੰਡਸ ਵਿੱਚੋ ਖਰੀਦੇ ਜਾਣੇ ਹਨ ਅਤੇ ਇਹ ਕੰਮ ਸਰਕਾਰ ਦੇ ਨਿਯਮਾਂ ਅਨੁਸਾਰ ਈ-ਟੈਂਡਰਿੰਗ ਰਾਹੀਂ ਕਰਵਾਇਆ ਜਾਣਾ ਹੈ।ਉਪਰੋਕਤ ਵਿਸ਼ੇ ਨੂੰ ਧਿਆਨ ਵਿਚ ਰੱਖਦੇ ਹੋਏ 600 ਰਿਕਸ਼ਾ ਖਰੀਦਣ ਲਈ ਰੁਪਏ 1.50 ਕਰੋੜ ਦੀ ਪ੍ਰਵਾਨਗੀ ਹਾਊਸ ਵਲੋਂ ਦਿਤੀ ਜਾਵੇ। ਕਮਿਸ਼ਨਰ ਜੀ ਨੇ ਮਿਤੀ 10.2.18 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ।

ਮਾਣਯੋਗ ਮੇਅਰ ਜੀ ਦੇ ਆਦੇਸ਼ ਮਿਤੀ : 24.02.2018 ਰਾਹੀ ਤਜ਼ਵੀਜ਼ ਨਗਰ ਨਿਗਮ ਹਾਊਸ ਵਿੱਚ ਵਿਚਾਰਣ ਅਤੇ ਫੈਸਲੇ ਹਿੱਤ ਪੇਸ਼ ਹੈ ਜੀ।

ਫੈਸਲਾ:

ਵਿਚਾਰਣ ਉਪਰੰਤ ਇਹ ਮੱਦ ਲੰਬਿਤ ਰੱਖੀ ਜਾਂਦੀ ਹੈ ਅਤੇ ਇਸ ਸਬੰਧੀ ਇੱਕ ਕਮੇਟੀ ਦੇ ਗਠਨ ਕਰਨ ਦਾ ਅਧਿਕਾਰ ਸਰਵਸੰਮਤੀ ਨਾਲ ਮੇਅਰ ਜੀ ਨੂੰ ਦਿੱਤਾ ਗਿਆ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

5.3.2018

ਮਤਾ ਨੰਬਰ:-8

ਵਿਸ਼ਾ:- ਨਗਰ ਨਿਗਮ ਦੀ ਜਮੀਨ (ਵਰਿਆਣਾ ਡੰਪ) ਵਿਚੋਂ ਬਿਜਲੀ ਦੇ ਖੰਬੇ ਤਾਰਾਂ ਨੂੰ ਸ਼ਿਫਟ ਕਰਨ ਲਈ ਪੀ.ਐਸ.ਪੀ.ਸੀ.ਐਲ. ਨੂੰ ਅਦਾਇਗੀ ਕਰਨ ਸਬੰਧੀ।

ਪੜਿਆ ਨੋਟ ਚੀਫ ਸੈਨੇਟਰੀ ਇੰਸਪੈਕਟਰ ਜਿਸ ਨਾਲ ਸਿਹਤ ਅਫ਼ਸਰ ਨੇ ਸਹਿਮਤੀ ਹਸਤਾਖਰ ਕੀਤੇ ਹਨ ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਨਗਰ ਨਿਗਮ ਜਲੰਧਰ ਵੱਲੋਂ ਵਰਿਆਣਾ ਡੰਪ ਦੇ ਨਾਲ ਲਗਦੀ 2.5 ਏਕੜ ਜਮੀਨ ਦੀ ਖਰੀਦ ਕੀਤੀ ਗਈ ਹੈ। ਇਸ ਥਾਂ ਤੇ ਬਿਜਲੀ ਦੇ ਖੰਬੇ ਅਤੇ ਤਾਰਾਂ ਹੋਣ ਕਾਰਨ ਇਸ ਥਾਂ ਦੀ ਵਰਤੋ ਕੂੜਾ ਕਰਕਟ ਸੁਟਣ ਲਈ ਨਹੀਂ ਕੀਤੀ ਜਾ ਸਕਦੀ। ਇਹਨਾਂ ਬਿਜਲੀ ਦੇ ਖੰਬੇ ਅਤੇ ਤਾਰਾਂ ਨੂੰ ਇਸ ਥਾਂ ਤੋਂ ਸ਼ਿਫਟ ਕਰਨ ਲਈ ਸਹਾਇਕ ਇੰਜੀਨਿਅਰ ਪੀ.ਐਸ.ਪੀ.ਸੀ.ਐਲ. ਬਸਤੀਆਂ ਟੀ-4 ਨੂੰ ਪੱਤਰ ਲਿਖਿਆ ਗਿਆ ਸੀ। ਸਹਾਇਕ ਕਾਰਜਕਾਰੀ ਇੰਜੀਨਿਅਰ ਪੀ.ਐਸ.ਪੀ.ਸੀ.ਐਲ. ਬਸਤੀਆਂ ਟੀ-4 ਵੱਲੋਂ ਮਿਤੀ 14-11-17 ਨੂੰ ਪੱਤਰ/ਡਿਮਾਂਡ ਨੋਟਿਸ ਨੰ. ਮੀਮੋ ਨੰ. 609 ਰਾਹੀਂ ਇਸ ਥਾਂ ਤੋਂ ਖੰਬੇ ਅਤੇ ਤਾਰਾਂ ਨੂੰ ਸ਼ਿਫਟ ਕਰਨ ਲਈ ਰੁ. 3,70,948/- ਦੀ ਅਦਾਇਗੀ ਪੀ.ਐਸ.ਪੀ.ਸੀ.ਐਲ. ਨੂੰ ਕਰਨ ਲਈ ਕਿਹਾ ਗਿਆ ਹੈ।

ਇਸ ਲਈ ਡੰਪ ਤੇ ਕੂੜੇ ਕਰਕਟ ਦੇ ਕੰਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਇਹ ਕੰਮ ਅਤਿ ਜਰੂਰੀ ਹੈ। ਇਸ ਲਈ 3,70,948/- ਰੁਪਏ ਦੀ ਰਕਮ ਦੀ ਅਦਾਇਗੀ ਪੀ.ਐਸ.ਪੀ.ਸੀ.ਐਲ. ਨੂੰ ਕਰਨ ਦੀ ਮੰਨਜੂਰੀ ਦਿੱਤੀ ਜਾਵੇ। ਇਸ ਕੇਸ ਵਿੱਚ ਨਗਰ ਨਿਗਮ ਦੇ ਹਾਊਸ ਦੀ ਪ੍ਰਵਾਨਗੀ ਲੋੜੀਦੀ ਹੈ। ਕਮਿਸ਼ਨਰ ਜੀ ਨੇ ਮਿਤੀ : 15.02.2018 ਰਾਹੀ ਸਹਿਮਤੀ ਹਸਤਾਖਰ ਕੀਤੇ ਹਨ।

ਮਾਣਯੋਗ ਮੇਅਰ ਜੀ ਦੇ ਆਦੇਸ਼ ਮਿਤੀ : 24.02.2018 ਰਾਹੀ ਤਜ਼ਵੀਜ਼ ਨਗਰ ਨਿਗਮ ਹਾਊਸ ਵਿੱਚ ਵਿਚਾਰਣ ਅਤੇ ਫੈਸਲੇ ਹਿੱਤ ਪੇਸ਼ ਹੈ ਜੀ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

5.3.2018

ਮਤਾ ਨੰਬਰ:-9

ਵਿਸ਼ਾ:- ਤਜਵੀਜ ਸ਼ਹਿਰ ਵਿੱਚ ਘੁੰਮ ਰਹੀਆਂ ਲਵਾਰਿਸ (ਬੇਸਹਾਰਾ) ਗਊਧਨ ਨੂੰ ਗਊਸ਼ਾਲਾ ਪਿੰਜਰਾ ਪੋਲ ਪ੍ਰਬੰਧਕ ਕਮੇਟੀ (ਰਜਿ.) ਦੀ ਚਾਰ ਦੀਵਾਰੀ ਵਿੱਚ ਰੱਖਣ ਲਈ ਸਾਲ 2018-19 ਦੀ ਗ੍ਰਾਂਟ ਜਾਰੀ ਕਰਵਾਉਣ ਸਬੰਧੀ।

ਪੜਿਆ ਨੋਟ ਸਿਹਤ ਅਫ਼ਸਰ ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਨਗਰ ਨਿਗਮ ਹਾਊਸ ਦੇ ਮਤਾ ਨੰਬਰ 118 ਮਿਤੀ 15-07-2010 ਰਾਹੀਂ ਅਵਾਰਾ ਪਸ਼ੂਆ/ਗਊਆ ਦੀ ਸਾਂਭ ਸੰਭਾਲ ਲਈ 1 ਲੱਖ ਰੁਪਏ ਪ੍ਰਤੀ ਮਹੀਨਾ ਦੇਣ ਦੀ ਪ੍ਰਵਾਨਗੀ ਸਰਕਾਰ ਵੱਲੋਂ ਆਪਣੇ ਪੱਤਰ ਨੰ:6/33/10-4 ਸਸ1/2797 ਮਿਤੀ 20-09-2010 ਰਾਹੀਂ ਮਨਜੂਰੀ ਦਿੱਤੀ ਹੋਈ ਹੈ।

ਮਾਰਚ,2018 ਤੱਕ ਦੀ ਸਾਰੀ ਗ੍ਰਾਂਟ ਨਗਰ ਨਿਗਮ ਜਲੰਧਰ ਉਕਤ ਗਊਸ਼ਾਲਾ ਨੂੰ ਦਿੱਤੀ ਜਾ ਰਹੀ ਹੈ। ਮਤਾ ਨੰਬਰ 44 ਮਿਤੀ 06.09.2017 ਨੂੰ ਹੋਈ ਮਾਨਯੋਗ ਹਾਊਸ ਦੀ ਮੀਟਿੰਗ ਵੱਲੋਂ ਪ੍ਰਵਾਨ ਹੈ।

ਇਸ ਲਈ ਤਜਵੀਜ ਕੀਤਾ ਜਾਂਦਾ ਹੈ ਕਿ ਸ਼ਹਿਰ ਵਿੱਚ ਘੁੰਮ ਰਹੇ ਬੇਸਹਾਰਾ ਲਵਾਰਿਸ ਗਊਧਨ ਨੂੰ ਗਊਸ਼ਾਲਾ ਪਿੰਜਰਾ ਪੋਲ ਪ੍ਰਬੰਧਕ ਕਮੇਟੀ (ਰਜਿ.) ਦੀ ਚਾਰ ਦੀਵਾਰੀ ਵਿੱਚ ਰੱਖਣ ਲਈ ਸਾਲ 2018-19 (ਮਿਤੀ : 1.04.2018 ਤੋਂ ਮਿਤੀ : 31.03.2019) ਲਈ ਰੁਪਏ 12 ਲੱਖ ਦੇਣ ਲਈ ਨਗਰ ਨਿਗਮ ਹਾਊਸ ਦੀ ਮੰਨਜੂਰੀ ਲੋੜੀਦੀ ਹੈ। ਕਮਿਸ਼ਨਰ ਜੀ ਨੇ ਮਿਤੀ : 21.02.2018 ਰਾਹੀ ਸਹਿਮਤੀ ਹਸਤਾਖਰ ਕੀਤੇ ਹਨ।

ਮਾਣਯੋਗ ਮੇਅਰ ਜੀ ਦੇ ਆਦੇਸ਼ ਮਿਤੀ : 24.02.2018 ਰਾਹੀ ਤਜ਼ਵੀਜ਼ ਨਗਰ ਨਿਗਮ ਹਾਊਸ ਵਿੱਚ ਵਿਚਾਰਣ ਅਤੇ ਫੈਸਲੇ ਹਿੱਤ ਪੇਸ਼ ਹੈ ਜੀ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

5.3.2018

ਮਤਾ ਨੰਬਰ:-10

ਵਿਸ਼ਾ: ਫਾਇਰ ਬ੍ਰਿਗੇਡ ਵਾਸਤੇ ਇਕ ਬਲੈਰੋ ਜੀਪ ਦੀ ਖਰੀਦ ਕਰਨ ਸਬੰਧੀ।

ਪੜ੍ਹਿਆ ਨੋਟ ਸਹਾਇਕ ਮੰਡਲ ਫਾਇਰ ਅਫਸਰ ਮਿਤੀ 5.2.2018 ਜਿਸ ਨਾਲ ਵਧੀਕ ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖਰ ਕੀਤੇ ਹਨ ਕਿ ਫਾਇਰ ਬ੍ਰਿਗੇਡ ਕੋਲ ਮੌਜੂਦਾ ਸਮੇਂ 2 ਮਹਿੰਦਰਾ ਜੀਪਾਂ ਮਾਡਲ-1999 ਅਤੇ ਮਾਡਲ-2000 ਦੀਆਂ ਹਨ। ਇਹ ਦੋਵੇਂ ਜੀਪਾਂ ਪੁਰਾਣੇ ਮਾਡਲ ਦੀਆਂ ਹਨ ਅਤੇ ਇਨਾਂ ਜੀਪਾਂ ਦੀ ਰਿਪੇਅਰ ਕਰਵਾਉਣ ਉਪਰੰਤ ਵੀ ਇਹ ਦੋਵੇਂ ਜੀਪਾਂ ਬਾਰ-ਬਾਰ ਖਰਾਬ ਹੋ ਰਹੀਆਂ ਹਨ। ਇਸ ਲਈ ਹੁਣ ਫਾਇਰ ਬ੍ਰਿਗੇਡ ਵਾਸਤੇ ਇਕ ਨਵੀਂ ਬਲੈਰੋ ਜੀਪ ਦੀ ਖਰੀਦ ਕੀਤੀ ਜਾਵੇ ਤਾਂ ਜੋ ਫਾਇਰ ਅਫਸਰਾਂ ਵਲੋਂ ਬਿਲਡਿੰਗਾਂ ਦੇ ਫਾਇਰ ਆਡਿਟ ਕਰਨ ਜਾਂਦੇ ਸਮੇਂ ਕਿਸੇ ਤਰਾਂ ਦੀ ਪਰੇਸ਼ਾਨੀ ਪੇਸ਼ ਨਾ ਆਵੇ। ਇਸ ਲਈ ਜੀਪ ਦੀ ਖਰੀਦ ਕਰਨ ਲਈ Mahindra & Mahindra Limited Company, ਤੋਂ ਸਿੱਧੇ ਤੋਰ ਤੇ ਕੁਟੈਸ਼ਨ ਪ੍ਰਾਪਤ ਕੀਤੀ ਹੈ ਜਿਸ ਅਨੁਸਾਰ Bolero SLE Power Plus BS4 AC PS ਦਾ DGS&D ਰੇਟ ਰਕਮ ਰੁ. 6,21,369/- ਹੈ ਕੁਟੇਸ਼ਨ ਦੇ ਲੜੀ ਨੰਬਰ 12 ਅਨੁਸਾਰ Price is valid till further revision by DGS&D on GeM ਇਸ ਜੀਪ ਲਈ ਅਸੈਸਰੀ ਅਤੇ ਆਰ.ਸੀ. ਅਤੇ ਬੀਮਾ ਆਦਿ ਦਾ ਖਰਚ ਮਿਲਾ ਕੇ ਤਕਰੀਬਨ ਰਕਮ ਰੁ. 7 ਲੱਖ ਖਰਚ ਹੋਣ ਦੀ ਸੰਭਾਵਨਾ ਹੈ। ਖਰੀਦ ਸਮੇਂ ਇਹ ਖਰਚ ਵੱਧ-ਘੱਟ ਵੀ ਹੋ ਸਕਦਾ ਹੈ। ਇਸ ਲਈ ਰੁ. 7 ਲੱਖ ਖਰਚ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਪਾਸੋਂ ਲੋੜੀਂਦੀ ਹੈ। ਕਮਿਸ਼ਨਰ ਜੀ ਨੇ ਮਿਤੀ 5.2.2018 ਰਾਹੀਂ ਤਜਵੀਜ ਹਾਊਸ ਵਿਚ ਵਿਚਾਰਣ ਹਿਤ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 12.2.2018 ਅਨੁਸਾਰ ਤਜਵੀਜ ਹਾਊਸ ਵਿਚ ਵਿਚਾਰਣ ਹਿਤ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

5.3.2018

ਮਤਾ ਨੰਬਰ:-11

ਵਿਸ਼ਾ:- ਮੇਨ ਲਾਇਬ੍ਰੇਰੀ ਅਤੇ ਸਹਾਇਤਾ ਪ੍ਰਾਪਤ ਰੀਡਿੰਗ ਰੂਮਜ ਲਈ ਅਖਬਾਰਾਂ ਦੀ ਸਪਲਾਈ ਸਬੰਧੀ ਅਤੇ ਟੈਂਡਰ ਮੰਗਣ ਬਾਰੇ ।

ਪੜ੍ਹਿਆ ਨੋਟ ਲਾਇਬ੍ਰੇਰੀਅਨ ਮਿਤੀ 15.2.2018 ਜਿਸ ਨਾਲ ਸੰਯੁਕਤ ਕਮਿਸ਼ਨਰ ਨੇ ਸਹਿਮਤੀ ਹਸਤਾਖਰ ਕੀਤੇ ਹਨ ਕਿ ਅਖਬਾਰਾਂ ਦੀ ਸਪਲਾਈ ਦਾ ਠੇਕਾ ਮਿਤੀ 31.3.2018 ਨੂੰ ਖਤਮ ਹੋ ਰਿਹਾ ਹੈ। ਇਸ ਲਈ ਸਾਲ 2018-19 ਲਈ ਹਰ ਸਾਲ ਦੀ ਤਰ੍ਹਾਂ ਸ਼ਹਿਰ ਦੇ ਵੱਖ-ਵੱਖ ਅਖਬਾਰਾਂ ਸਪਲਾਈ ਕਰਨ ਵਾਲਿਆ ਤੋਂ ਇਸ ਸਬੰਧੀ ਟੈਂਡਰ ਮੰਗਣ ਦੀ ਪ੍ਰਵਾਨਗੀ ਦਿੱਤੀ ਜਾਵੇ। ਅਖਬਾਰਾਂ ਦੀ ਖਰੀਦ ਨਿਯਮਾਂ ਅਨੁਸਾਰ ਈ-ਟੈਂਡਰ ਰਾਹੀਂ ਕੀਤੀ ਜਾਵੇਗੀ। ਅਖਬਾਰਾਂ ਦੀ ਸਪਲਾਈ ਉਪਰ ਲੱਗਭੱਗ ਰੁਪਏ 8.50 ਲੱਖ ਦਾ ਖਰਚ ਆਵੇਗਾ। ਜਿਸ ਦੀ ਮੰਜੂਰੀ ਨਗਰ ਨਿਗਮ ਹਾਊਸ ਤੋਂ ਲੋੜੀਂਦੀ ਹੈ। ਕਮਿਸ਼ਨਰ ਜੀ ਨੇ ਮਿਤੀ 23.2.18 ਰਾਹੀਂ ਆਪਣੇ ਸਹਿਮਤੀ ਹਸਤਾਖ਼ਰ ਕੀਤੇ ਹਨ।

ਮਾਣਯੋਗ ਮੇਅਰ ਜੀ ਦੇ ਆਦੇਸ਼ ਮਿਤੀ : 24.02.2018 ਰਾਹੀ ਤਖਮੀਨਾਂ ਨਗਰ ਨਿਗਮ ਹਾਊਸ ਵਿੱਚ ਵਿਚਾਰਣ ਅਤੇ ਫੈਸਲੇ ਹਿੱਤ ਪੇਸ਼ ਹੈ ਜੀ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

5.3.2018

ਮਤਾ ਨੰਬਰ:-12

ਵਿਸ਼ਾ:- ਚੋਗਿਟੀ ਲੱਧੇਵਾਲੀ ਮੇਨ ਰੋਡ ਤੇ ਜਲੰਧਰ ਪਠਾਨਕੋਟ ਰੇਲਵੇ ਕਰੋਸਿੰਗ ਨੰ: 2 ਉਤੇ ਆਰ.ਓ.ਬੀ. ਬਣਾਉਣ ਬਾਰੇ ।

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਆ (ਬੀ.ਐਂਡ ਆਰ.) ਮਿਤੀ 23.1.2018 ਕਿ ਵਿਸ਼ੇ ਅਧੀਨ ਸੈਂਟਰਲ ਹਲਕਾ ਐਮ.ਐਲ.ਏ. ਸ੍ਰੀ ਰਾਜਿੰਦਰ ਬੇਰੀ ਜੀ ਨੇ ਜਲੰਧਰ ਪਠਾਨਕੋਟ ਰੇਲਵੇ ਲਾਈਨ ਜ਼ੋ ਚੋਗਿਟੀ ਲੱਧੇਵਾਲੀ ਮੇਨ ਰੋਡ ਤੋਂ ਕਰੋਸ ਕਰਦੀ ਹੈ, ਉਸ ਦੇ ਉਤੇ ਆਰ.ਓ.ਬੀ. ਬਣਾਉਣ ਲਈ ਲਿਖਿਆ ਹੈ। ਇਸ ਕੰਮ ਲਈ Executive Engineer, Provl. Divn, PWD B&R Br., Jalandhar Cantt. ਨੇ ਰੁਪਏ 35 ਕਰੋੜ ਦਾ ਰਫ ਕਾਸਟ ਐਸਟੀਮੇਟ ਦਿੱਤਾ ਹੈ। ਇਸ ਕੇਸ ਵਿਚ ਸਕੱਤਰ ਸਥਾਨਕ ਸਰਕਾਰ ਵਿਭਾਗ ਪੰਜਾਬ ਵਲੋਂ ਅੰਡਰਟੇਕਿੰਗ ਦਿੱਤੀ ਜਾਣੀ ਹੈ ਜਿਹੜੀ ਕਿ ਹੇਠ ਅਨੁਸਾਰ ਹੈ:

UNDERTAKING

Subject: Construction of ROB in replacement of busy level crossing.

It is proposed to construct a Road Over bridge (ROB) in replacement of Busy level crossing No. 2A on Chaugitee Ladhewali Road on Jalandhar-Pathankot Railway Line in Jalandhar District.

The following undertaking is furnished by the Punjab Govt. for construction of above mentioned ROB :

1. The level crossing will be closed simultaneously with the commissioning of the brige.
2. The state Govt. is willing to contribute towards its share of the cost.
3. The site details would be finalized and jointly agreed upon in advance by both the parties.
4. Plans, designs and estimates for the bridge and approach will be finalized and accepted reciprocally.
5. Advance action for land acquisition would be initiated be the authorities, whenever and wherever difficulties are anticipated as per the requirement.
6. State Govt. would ensure that works on Approach roads is coterminous with the completion of the Bridge portion by Railways.
7. State Govt. agree to pay the cost of Preparation of plans and estimates as per norms fixed by the Indian Railway code mearit for the Engineering Department in the eventuality of the proposal if abandoned or dropped at a later stage.
8. The State Govt. agrees to construct, operate and maintain the sump well and pump house for draining out the rainwater under Road under Bridge (RUB).

Secretary to Govt. of Punjab
Department of Local Government

ਜਿਸ ਦੇ ਅਨੁਾਸਾਰ ਆਰ.ਓ.ਬੀ. ਦੇ ਖਰਚੇ ਦਾ 50% ਸ਼ੇਅਰ ਪੰਜਾਬ ਸਰਕਾਰ ਵਲੋਂ ਖਰਚ ਕੀਤਾ ਜਾਣਾ ਹੈ, ਜਿਸ ਦੀ ਮੰਜੂਰੀ ਨਗਰ ਨਿਗਮ ਹਾਊਸ ਤੋਂ ਲੋੜੀਂਦੀ ਹੈ। ਨਿਗਰਾਨ ਇੰਜੀਨੀਅਰ (ਬੀ.ਐਂਡ ਆਰ.) ਨੇ ਮਿਤੀ 24.1.2018 ਰਾਹੀਂ ਤਜਵੀਜ ਪ੍ਰਵਾਨ ਕਰਨ ਲਈ ਨਗਰ ਨਿਗਮ ਹਾਊਸ ਵਿਚ ਰੱਖਣ ਦੀ ਸ਼ਿਫਾਰਸ਼ ਕੀਤੀ ਹੈ। ਕਮਿਸ਼ਨਰ ਜੀ ਨੇ ਮਿਤੀ 29.1.2018 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 24.2.2018 ਰਾਹੀਂ ਤਜਵੀਜ ਨਗਰ ਨਿਗਮ ਹਾਊਸ ਵਿਚ ਵਿਚਾਰਣ ਅਤੇ ਫੈਸਲੇ ਹਿਤ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ ।

ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਵਲੋਂ ਦੱਸਿਆ ਗਿਆ ਇਸ ਆਰ.ਓ.ਬੀ. ਦੀ ਬਣਤਰ ਤੇ ਆਉਣ ਵਾਲੇ ਖ਼ਰਚੇ ਦਾ 50% ਸ਼ੇਅਰ ਰੇਲਵੇ ਵਿਭਾਗ ਵਲੋਂ ਖ਼ਰਚ ਕੀਤਾ ਜਾਵੇਗਾ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

5.3.2018

ਮਤਾ ਨੰਬਰ:-13

ਵਿਸ਼ਾ:- AMRUT ਸਕੀਮ ਤਹਿਤ ਫੇਸ-2 ਅਧੀਨ ਜਲੰਧਰ ਸ਼ਹਿਰ ਦੇ ਪਾਰਕਾਂ ਦੀ ਉਸਾਰੀ ਕਰਨ ਬਾਰੇ।

ਪੜਿਆ ਨੋਟ ਕਾਰਜਕਾਰੀ ਇੰਜੀਨਿਅਰ (ਬੀ ਐਂਡ ਆਰ) ਕਿ ਭਾਰਤ ਸਰਕਾਰ ਵਲੋਂ ਪੰਜਾਬ ਦੇ 16 ਸ਼ਹਿਰਾਂ ਵਿੱਚ **AMRUT ਸਕੀਮ** ਲਾਗੂ ਕੀਤੀ ਗਈ ਹੈ। ਇਸ ਸਕੀਮ ਤਹਿਤ ਭਾਰਤ ਸਰਕਾਰ ਵਲੋਂ ਸ਼ਹਿਰੀ ਏਰੀਏ ਵਿੱਚ ਵਾਟਰ ਸਪਲਾਈ ਅਤੇ ਸੀਵਰੇਜ ਦੀ ਸੁਵਿਧਾ ਨੂੰ 100% ਕਰਨ ਹੈ ਅਤੇ ਪਾਰਕਾਂ ਅਤੇ ਟਰਾਸਪੋਰਟ ਦੇ ਸੁਧਾਰ ਦਾ ਕੰਮ ਸ਼ਾਮਿਲ ਕੀਤਾ ਗਿਆ ਹੈ। ਇਸ ਦੀ ਡੀ.ਪੀ.ਆਰ ਤਿਆਰ ਕਰਨ ਤੋਂ ਪਹਿਲਾਂ ਸਥਾਨਕ ਸਰਕਾਰ ਦੇ PMIDC ਵਿਭਾਗ ਵਲੋਂ M/s Wapcos Consultant ਨਿਯੁਕਤ ਕੀਤੇ ਗਏ ਸਨ। ਕੰਸਲਟੈਂਟ ਵੱਲੋਂ ਜਲੰਧਰ ਸ਼ਹਿਰ ਦਾ ਸਰਵੇ ਕਰਕੇ ਵਾਟਰ ਸਪਲਾਈ ਅਤੇ ਸੀਵਰੇਜ, ਪਾਰਕਾਂ ਅਤੇ ਟਰਾਂਸਪੋਰਟੇਸ਼ਨ ਵਾਸਤੇ ਡਾਟਾ ਇੱਕਠਾ ਕੀਤਾ ਗਿਆ ਅਤੇ ਜਲੰਧਰ ਸ਼ਹਿਰ ਵਿੱਚ ਇਨ੍ਹਾਂ ਸਕੀਮਾਂ ਅਧੀਨ ਹੋਣ ਵਾਲੇ ਕੰਮਾਂ ਦੀ SLIP ਅਤੇ SAAP ਸਾਲ 2015-16 ਤੋ ਲੈ ਕੇ ਸਾਲ 2019-2020 ਤੱਕ ਤਿਆਰ ਕੀਤੀ ਗਈ ਸੀ ਜਿਸ ਦਾ ਕੁੱਲ ਖਰਚਾ ਰੁਪਏ 539.65 ਕਰੋੜ ਆਵੇਗਾ, ਜ਼ੋ ਕਿ ਹੇਠ ਲਿਖੇ ਅਨੁਸਾਰ ਹੈ:-

ਵਾਟਰ ਸਪਲਾਈ ਸਕੀਮ ਵਿੱਚ ਜਿਹੜੇ-ਜਿਹੜੇ ਕੰਮ ਕੀਤੇ ਜਾਣੇ ਹਨ, ਉਨ੍ਹਾਂ ਦੀ ਡਿਟੇਲ ਹੇਠ ਲਿਖੇ ਅਨੁਸਾਰ ਹੈ:-

Sr. No.	Item	Scope		Priority	Year in which to be implemented	Year in which proposed to be completed	Estimated Cost (in Cr)
		Quantity	Unit				
1.	OHSR (0.455ML Cap.)	8	Nos.	1	2016	2018	5.4
2	Distribution System and Restoration of road cuts	65	Km.	1	2016	2018	16.31
3	House Connections With Meter	13500	Nos.	1	2016	2018	5.10
4	OHSR (0.455ML Cap.)	16	Nos.	2	2017	2019	10.8
5	Bulk Water meters	532	Nos.	2	2017	2019	6.63
6	OHSR (0.455ML Cap.)	8	Nos.	3	2018	2020	5.4
7	Provision for SCADA	1	job	3	2018	2020	30.00
8	Metering of Existing House Connections	124782	Nos.	3	2018	2020	29.94
Grand Total							109.58

ਸੀਵਰੇਜ ਸਕੀਮ ਵਿੱਚ ਜਿਹੜੇ-ਜਿਹੜੇ ਕੰਮ ਕੀਤੇ ਜਾਣੇ ਹਨ, ਉਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

Sr. No	**Item**	**Scope**		**Year in which to be implemented**	**Year in which proposed to be completed**	**Estimated Cost (in Cr.)**
		Quantity	**Unit**			
1	House Connections(part 1)	10000	Nos.	2016	2018	9.20
2	House Connections(part 2)	10000	Nos	2017	2019	9.20
3	House Connections(part 3)	10000	Nos	2018	2020	9.20
4	House Connections(part 4)	10005	Nos	2019	2020	9.20
5	Conversion of septic tank to sewer connections (part 1)	8000	Nos	2016	2018	7.36
6	Conversion of septic tank to sewer connections (part 2)	8000	Nos.	2017	2019	7.36
7	Conversion of septic tank to sewer connections (part 3)	8560	Nos	2018	2020	7.88
8	Sewage Treatment Plant	100	MLD	2018	2020	100.00
	Total cost					**159.40**

ਪਾਰਕ ਸਕੀਮ ਵਿੱਚ ਜਿਹੜੇ-ਜਿਹੜੇ ਕੰਮ ਕੀਤੇ ਜਾਣੇ ਹਨ, ਉਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:

Sr. No.	**Item**	**Qty**	**Est. Cost (In Cr.)**
1	Parks	5 Nos.	4.65

ਟਰਾਂਸਪੋਰਟ ਸਕੀਮ ਵਿੱਚ ਜਿਹੜੇ-ਜਿਹੜੇ ਕੰਮ ਕੀਤੇ ਜਾਣੇ ਹਨ, ਉਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

S. No.	Project Name	Priority Number	Year in which to be implemented	Year in which proposed to be completed	Estimated Cost (Rs Cr.)
1	Augmentation of Bus fleet 128 buses of all categories	1	2016	2019	52
2	Guide signs, Guide maps and road furniture & ITS infrastructure	1	2016	2019	15
3	Foot paths 33 Km FOB/ Subways (4 no.)	2	2017	2019	41
4	Developing Paid Parking facilities at 9locations	3	2017	2019	125.02
5	NMT cum Cycle lanes along arterial sub arterial network – 33 Km	4	2017	2019	33
	TOTAL				**266.02**

ਜਿਵੇਂ ਕਿ ਉਕਤ ਦਰਸਾਇਆ ਗਿਆ ਹੈ ਕਿ ਅਮਰੁਤ ਸਕੀਮ ਦੇ ਤਹਿਤ ਸ਼ਹਿਰ ਵਿੱਚ ਪਾਰਕਾਂ ਦੀ ਉਸਾਰੀ ਲਈ 4.65 ਕਰੋੜ ਰੁਪਏ ਰਾਖ਼ਵੇਂ ਰੱਖੇ ਗਏ ਹਨ, ਦੇ ਸਬੰਧ ਵਿੱਚ ਦੂਜੇ ਫੇਸ ਵਿੱਚ ਨਗਰ ਨਿਗਮ ਜਲੰਧਰ ਦੇ ਐਮ.ਐਲ.ਏ. ਸ੍ਰੀ ਰਜਿੰਦਰ ਬੇਰੀ ਜੀ ਵਲੋਂ ਓਲਡ ਜਵਾਹਰ ਨਗਰ ਟੈਂਕੀ ਵਾਲਾ ਪਾਰਕ, ਸ੍ਰੀ ਸੁਸ਼ੀਲ ਕੁਮਾਰ ਰਿੰਕੂ ਜੀ ਵਲੋਂ ਬਸਤੀ ਬਾਵਾ ਖੇਲ ਆਪੋਜ਼ਿਟ ਸ਼ਮਸ਼ਾਨ ਘਾਟ, ਸ੍ਰੀ ਅਵਤਾਰ ਸਿੰਘ ਜੂਨੀਅਰ ਹੈਨਰੀ ਜੀ ਵਲੋਂ ਨੀਵੀਆ ਗਰਾਉਂਡ ਇੰਡਸਟਰੀਅਲ ਏਰੀਆ ਅਤੇ ਸਰਦਾਰ ਪਰਗਟ ਸਿੰਘ ਜੀ ਵਲੋਂ ਨਕੋਦਰ ਰੇਲਵੇ ਲਾਈਨਾਂ ਦੇ ਨਾਲ ਨਾਲ ਖਾਲਸਾ ਕਾਲੇਜ਼ ਤੋਂ ਪੰਜਾਬ ਐਵੇਨਿਯੂ ਤੱਕ ਦੀ ਉਸਾਰੀ ਲਈ ਤਜ਼ਵੀਜ਼ ਭੇਜੀ ਗਈ ਹੈ । ਨਕੋਦਰ ਰੇਲਵੇ ਲਾਈਨਾਂ ਦੇ ਨਾਲ ਨਾਲ ਖਾਲਸਾ ਕਾਲੇਜ਼ ਤੋਂ ਪੰਜਾਬ ਐਵੇਨਿਯੂ ਤੱਕ ਦੀ ਉਸਾਰੀ ਲਈ ਰੇਲਵੇ ਵਿਭਾਗ ਤੋਂ ਐਨ.ਓ.ਸੀ. ਮਿਲਣ ਤੇ ਹੀ ਇਸ ਦੀ ਉਸਾਰੀ ਕਰਵਾਈ ਜਾਵੇਗੀ ।ਇਹਨਾਂ ਚਾਰੋਂ ਥਾਂਵਾਂ (ਪਾਰਕਾਂ) ਦੀ ਉਸਾਰੀ ਵਾਸਤੇ ਮੈਸਰਜ਼ ਸ਼ਾਹ ਟੈਕਨੀਕਲ ਕੰਸਲਟੈਂਟਸ ਪ੍ਰਾਈਵੇਟ ਲਿਮਿਟਡ ਵਲੋਂ ਡੀ.ਪੀ.ਆਰ. ਤਿਆਰ ਕਰਕੇ ਭੇਜੀਆਂ ਜਾਣਗੀਆਂ।

ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਵਲੋਂ ਉਕਤ ਤਜ਼ਵੀਜ਼ ਨਗਰ ਨਿਗਮ ਹਾਊਸ ਵਿੱਚ ਵਿਚਾਰਣ ਅਤੇ ਫੈਸਲੇ ਹਿੱਤ ਭੇਜਣ ਦੀ ਸਿਫਾਰਸ਼ ਕੀਤੀ ਹੈ । ਕਮਿਸ਼ਨਰ ਜੀ ਨੇ ਮਿਤੀ 8.2.18 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ।

ਮਾਣਯੋਗ ਮੇਅਰ ਜੀ ਦੇ ਆਦੇਸ਼ ਮਿਤੀ : 24.02.2018 ਰਾਹੀ ਤਜ਼ਵੀਜ਼ ਨਗਰ ਨਿਗਮ ਹਾਊਸ ਵਿੱਚ ਵਿਚਾਰਣ ਅਤੇ ਫੈਸਲੇ ਹਿੱਤ ਪੇਸ਼ ਹੈ ਜੀ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

5.3.2018

ਮਤਾ ਨੰਬਰ:-14

ਵਿਸ਼ਾ:- ਨਗਰ ਨਿਗਮ ਜਲੰਧਰ ਦੀ ਹਦੂਦ ਅੰਦਰ ਵੱਖ-ਵੱਖ ਥਾਵਾਂ ਤੇ ਆਮ ਪਬਲਿਕ ਦੀ ਸਹੂਲਤ ਵਾਸਤੇ ਪਬਲਿਕ-ਕਮ-ਕਮਊਨਿਟੀ ਟਾਇਲੇਟ/ਯੂਰੀਨਲ ਬਲਾਕ ਬਣਾਉਣ, ਰੱਖ-ਰਖਾਂਵ ਅਤੇ ਚਲਾਉਣ ਸਬੰਧੀ- 40 ਨੰਬਰ, ਫੇਸ-2

ਤਖਮੀਨਾ ਰੁ:412.42 ਲੱਖ
ਬਿਜਲੀ ਦਾ ਕੰਨੈਕਸ਼ਣ ਲੈਣ ਵਾਸਤੇ ਰੁ: 7.00 ਲੱਖ
ਵੈਟਿਡ ਅਮਾਊਟ ਰੁ:419.42 ਲੱਖ

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ਬੀ.ਐਂਡ ਆਰ.) ਮਿਤੀ 23.2.2018 ਕਿ ਮਾਨਯੋਗ ਕਮਿਸ਼ਨਰ ਜੀ ਦੇ ਦਫਤਰ ਵਿਖੇ ਕਮਿਸ਼ਨਰ ਜੀ ਨਾਲ ਮਿਤੀ:-07-02-18 ਨੂੰ ਨਿਗਰਾਨ ਇੰਜੀਨੀਅਰ (ਬੀ.ਐਂਡ.ਆਰ), ਕਾਰਜਕਾਰੀ ਇੰਜੀਨੀਅਰ (ਬੀ.ਐਂਡ ਆਰ.) ਅਤੇ ਸੁਲਭ ਦੇ ਆਨਰੇਰੀ ਕੰਟਰੋਲਰ ਦੀ ਮੀਟਿੰਗ ਹੋਈ। ਮੀਟਿੰਗ ਦੋਰਾਨ ਮਾਨਯੋਗ ਕਮਿਸ਼ਨਰ ਜੀ ਵੱਲੋ ਆਦੇਸ਼ ਦਿੱਤੇ ਕਿ ਪਹਿਲਾ ਪ੍ਰਵਾਨਿਤ ਕੀਤੇ ਗਏ ਪ੍ਰੋਜੈਕਟ ਤੋਂ ਇਲਾਵਾ ਸ਼ਹਿਰ ਦੀਆਂ ਵੱਖ-ਵੱਖ ਥਾਵਾਂ ਵਿਖੇ ਲੋੜ ਅਨੁਸਾਰ ਪਬਲਿਕ-ਕਮ-ਕਮਿਊਨਟੀ ਟਾਈਲੇਟ ਬਲਾਕ ਬਣਾਉਣ ਸਬੰਧੀ ਸਰਵੇ ਕਰਵਾਇਆ ਜਾਵੇ। ਕਮਿਸ਼ਨਰ ਜੀ ਦੁਆਰਾ ਦਿੱਤੇ ਨਿਰਦੇਸ਼ਾਂ ਦੀ ਪਾਲਣਾ ਹਿਤ ਪਹਿਲਾ ਸਿਹਤ ਸ਼ਾਖਾ ਦੇ ਅਮਲੇ ਵੱਲੋ ਵੱਖ-ਵੱਖ ਥਾਵਾਂ ਦਾ ਸਰਵੇ ਕੀਤਾ ਗਿਆ ਅਤੇ ਉਸ ਉਪਰੰਤ ਦੱਸੀਆ ਥਾਵਾਂ ਦਾ ਸਰਵੇ ਬੀ.ਐਂਡ.ਆਰ ਸ਼ਾਖਾ ਦੇ ਤਕਨੀਕੀ ਸਟਾਫ ਰਾਹੀਂ ਕਰਵਾਇਆ ਗਿਆ ਹੈ। ਕੀਤੇ ਗਏ ਸਰਵੇ ਅਨੁਸਾਰ ਕੁੱਲ 40 ਢੁੱਕਵੀਆ ਸਾਇਟਾਂ ਹੇਠ ਅਨੁਸਾਰ ਵਿਖੇ ਪਬਲਿਕ ਦੀ ਸਹੂਲਤ ਲਈ ਪਬਲਿਕ-ਕਮ-ਕਮਿਊਨਟੀ ਟਾਈਲੇਟ/ਯੂਰੀਨਲ ਬਲਾਕ ਬਣਾਉਣ ਦੀ ਚੋਣ ਕੀਤੀ ਗਈ ਹੈ, ਕਿਉਕਿ ਸਵੱਛ ਭਾਰਤ ਮਿਸ਼ਨ ਦੀਆਂ ਗਾਈਡਲਾਈਨਜ ਅਨੁਸਾਰ ਹਰ ਇੱਕ ਕਿਲੋਮੀਟਰ ਦੀ ਦੂਰੀ ਤੇ ਇੱਕ ਬਲਾਕ ਹੋਣਾ ਜਰੂਰੀ ਹੈ।ਕਮਿਸ਼ਨਰ ਜੀ ਦੁਆਰਾ ਇਹ ਵੀ ਆਦੇਸ਼ ਦਿੱਤੇ ਗਏ ਕਿ ਨਵੀਆ ਚੋਣ ਕੀਤੀਆ 40 ਸਾਇਟਾਂ ਵਿਖੇ ਬਲਾਕਾਂ ਦੀ ਉਸਾਰੀ ਰੱਖ-ਰਖਾਂਵ ਅਤੇ ਪੇਅ ਐਂਡ ਯੂਜ਼ ਬੇਸਿਸ ਤੇ ਚਲਾਉਣ ਵਾਸਤੇ ਮੈਸ: ਸੁਲਭ ਇੰਟਰਨੈਸ਼ਨਲ ਸੋਸ਼ਲ ਸਰਵਿਸ ਓਰਗੇਨਾਈਜੇਸ਼ਨ,ਚੰਡੀਗੜ੍ਹ ਆਪਣੀ ਤਜਵੀਜ ਭੇਜੇ।ਇਨ੍ਹਾਂ 40 ਸਾਇਟਾ ਹੇਠ ਅਨੁਸਾਰ ਵਿਖੇ 144 ਸੀਟਾ ਲਗਾ ਕੇ ਉਸਾਰੀ ਕਰਵਾਉਣ, ਰੱਖ-ਰਖਾਵ ਅਤੇ ਚਲਾਉਣ ਸਬੰਧੀ ਪੀ.ਐਮ.ਆਈ.ਡੀ.ਸੀ ਚੰਡੀਗੜ੍ਹ ਨੂੰ ਪੱਤਰ ਨੰ: ਐਸ.ਈ (ਬੀ.ਐਂਡ.ਆਰ/661 ਮਿਤੀ 13-02-18 ਰਾਹੀ ਸਵੱਛ ਭਾਰਤ ਮਿਸ਼ਨ ਦੀਆਂ ਗਾਈਡਲਾਂਈਨਜ ਅਨੁਸਾਰ ਲੋੜੀਦੀ ਗਰਾਟ ਰਾਖਵੀ ਕਰਨ ਵਾਸਤੇ ਲਿਖਿਆ ਗਿਆ ਸੀ। ਇਸ ਪੱਤਰ ਦੇ ਸਬੰਧ ਵਿੱਚ ਪੀ.ਐਮ.ਆਈ.ਡੀ.ਸੀ ਦੇ ਪੱਤਰ ਨੰ: ਪੀ.ਐਮ.ਆਈ.ਡੀ.ਸੀ/2018/1639 ਮਿਤੀ:-23-02-18 ਰਾਹੀ ਕੁੱਲ ਬਣਦੀ ਗਰਾਂਟ ਰਾਸ਼ੀ ਰੁ: 94.09 ਲੱਖ ਵਿੱਚੋ 50% ਪਹਿਲੀ ਕਿਸ਼ਤ ਵੱਜੋ ਭਾਰਤ ਸਰਕਾਰ ਦਾ ਬਣਦਾ ਸ਼ੇਅਰ ਰੁ: 28,22,400/- ਪੰਜਾਬ ਸਰਕਾਰ ਦਾ ਬਣਦਾ ਸ਼ੇਅਰ ਰੁ: 18,81,648/- ਕੁੱਲ ਰੁ: 47,04,048/-ਨਗਰ ਨਿਗਮ ਨੂੰ ਪ੍ਰਾਪਤ ਹੋ ਚੁੱਕੇ ਹਨ। ਇਹ ਰਾਸ਼ੀ ਖਰਚ ਕਰਨ ਉਪਰੰਤ ਅਤੇ ਵਰਤੋ ਸਰਟੀਫਿਕੇਟ ਭੇਜਣ ਉਪਰੰਤ ਸਰਕਾਰ ਵੱਲੋ ਦੂਸਰੀ ਕਿਸ਼ਤ 50% ਵੱਜੋ ਰੁ:47,04,048/- ਜਾਰੀ ਕੀਤੀ ਜਾਵੇਗੀ।

ਮੈਸ: ਸੁਲਭ ਇੰਟਰਨੈਸ਼ਨਲ ਸੋਸ਼ਲ ਸਰਵਿਸ ਓਰਗੇਨਾਈਜੇਸ਼ਨ, ਚੰਡੀਗੜ੍ਹ ਵੱਲੋ ਪੱਤਰ ਨੰ:ਐਸ.ਆਈ.ਐਸ. ਐਸ.ਓ/ਸੀ.ਐਚ.ਡੀ/2018/136 ਮਿਤੀ:- 15-02-18 ਰਾਹੀ ਤਜਵੀਜ ਭੇਜੀ ਗਈ ਹੈ। ਜਿਸ ਰਾਹੀ ਲਿਖਿਆ ਗਿਆ ਹੈ ਕਿ ਸਾਇਟਾਂ ਵਿਖੇ ਟਾਈਲੇਟ ਬਲਾਕ ਦੀ ਉਸਾਰੀ ਸੀ.ਐਸ.ਆਰ ਰੇਟਸ(2010)+ ਸੀਲਿੰਗ ਪ੍ਰੀਮਿਅਮ + 12.5% ਇੰਮਪਲੀਮਟੇਸ਼ਨ ਅਤੇ ਸੁਪਰਵਿਜਨ ਚਾਰਜਿਜ, ਸਮੇਂ-ਸਮੇਂ ਤੇ ਜਾਰੀ ਏ.ਸੀ. ਸਲਿਪਸ ਅਤੇ ਸੀ.ਐਸ.ਆਰ ਕਮੇਟੀ ਪੀ.ਡਬਲਯੂ.ਡੀ (ਪੰਜਾਬ) ਦੀਆ ਹਦਾਇਤਾਂ ਅਨੁਸਾਰ ਕੀਤੀ ਜਾਵੇਗੀ, ਜ਼ੋ ਆਈਟਮਾਂ ਸੀ.ਐਸ.ਆਰ ਵਿੱਚ ਨਹੀਂ ਹੋਣਗੀਆ, ਉਹਨਾਂ ਦੇ ਰੇਟ Current market ਦੇ ਘੱਟ ਰੇਟਸ ਅਤੇ 12.5% ਸੁਪਰਵਿਜਨ ਅਤੇ ਇੰਮਪਲੀਮਟੇਸ਼ਨ ਚਾਰਜਿਜ ਲਏ ਜਾਣਗੇ।ਤਖਮੀਨੇ ਅਨੁਸਾਰ ਉਸਾਰੀ ਕਰਨ ਵਾਸਤੇ ਵਰਕ ਆਰਡਰ ਜਾਰੀ ਹੋਣ ਸਮੇਂ ਸਟੇਜ਼ ਵਾਈਸ ਅਡਵਾਂਸ ਅਦਾਇਗੀ ਦੀ ਮੰਗ ਕੀਤੀ ਹੈ। ਉਸਾਰੀ ਉਪਰੰਤ ਬਲਾਕਾਂ ਦਾ ਰੱਖ-ਰਖਾਂਵ ਅਤੇ ਚਲਾਉਣਾ ਆਦਿ ਪੇਅ ਐਂਡ ਯੂਜ਼ ਬੇਸਿਸ ਪੰਜ ਰੁਪਏ ਪ੍ਰਤੀ ਯੂਜਰ ਫਾਰ ਟਾਈਲੇਟ ਅਤੇ ਪੰਜ ਰੁ. ਪ੍ਰਤੀ ਯੂਜਰ ਫਾਰ ਬਾਥ ਚਾਰਜ ਕੀਤੇ ਜਾਣਗੇ ਪਰ 12 ਸਾਲ ਤੋਂ ਘੱਟ ਉਮਰ ਦੇ ਬੱਚਿਆ ਅਤੇ ਅਪੰਗ ਵਾਸਤੇ ਇਹ ਸੁਵਿਧਾ ਮੁਫਤ ਦਿੱਤੀ ਜਾਵੇਗੀ। ਇਹ ਬਲਾਕਸ ਉਸਾਰੀ ਉਪਰੰਤ 30 ਸਾਲ ਵਾਸਤੇ ਪੇਅ ਐਂਡ ਯੂਜ਼ ਬੇਸਿਜ਼ ਮੇਨਟੇਨ ਅਤੇ ਚਲਾਏ ਜਾਣਗੇ। ਬਲਾਕਾਂ ਵਿਖੇ ਬਿਜਲੀ ਦੇ ਬਿਲਾਂ ਦਾ ਖਰਚਾ ਸੁਲਭ ਵੱਲੋਂ ਸਹਿਣ ਕੀਤਾ ਜਾਵੇਗਾ। ਬਿਜਲੀ ਦਾ ਕੁਨੈਕਸ਼ਨ ਆਦਿ ਲੈਣ ਲਈ ਸੁਲਭ ਨਗਰ ਨਿਗਮ ਤੋਂ ਐਨ.ਓ.ਸੀ. ਪ੍ਰਾਪਤ ਕਰਨ ਉਪਰੰਤ ਨਗਰ ਨਿਗਮ ਜਲੰਧਰ ਦੇ ਨਾਂ ਤੇ ਪੀ.ਐਸ.ਪੀ.ਸੀ.ਐਲ ਪਾਸੋਂ ਆਪਣੇ ਖਰਚੇ ਤੇ ਲਵੇਗਾ, ਜ਼ੋ ਵੀ ਖਰਚਾ ਆਵੇਗਾ, ਉਸ ਖਰਚੇ ਦੀਆ ਰਸੀਦਾਂ ਪੇਸ਼ ਕਰਕੇ ਨਗਰ ਨਿਗਮ ਪਾਸੋਂ ਅਦਾਇਗੀ ਲਵੇਗਾ। ਉਪਰੋਕਤ ਤਜਵੀਜ ਅਨੁਸਾਰ ਹੀ ਸੁਲਭ ਨਾਲ ਕੀਤੇ ਜਾਣ ਵਾਲੇ ਇਕਰਾਰਨਾਮਾਂ ਦਾ ਖਰੜਾ ਵੀ ਭੇਜਿਆ ਹੈ।

ਮੈਸ: ਸੁਲਭ ਇੰਟਰਨੈਸ਼ਨਲ ਸੋਸ਼ਲ ਸਰਵਿਸ ਓਰਗੇਨਾਈਜੇਸ਼ਨ, ਚੰਡੀਗੜ੍ਹ ਵੱਲੋ ਦਿੱਤੀ ਗਈ ਤਜਵੀਜ ਅਨੁਸਾਰ ਇਹ ਫਰਮ ਟਾਈਲੇਟ ਬਲਾਕਾਂ ਬਣਾਉਣ ਪੇਅ ਐਂਡ ਯੂਜ਼ ਬੇਸਿਸ ਤੇ ਰੱਖ-ਰਖਾਂਵ ਚਲਾਉਣ ਵਿੱਚ ਕਾਫੀ ਤਜਰਬਾ ਰੱਖਦੀ ਹੈ ।ਇਹ ਏਜੰਸੀ ਕਈ ਸਰਕਾਰੀ ਅਤੇ ਪ੍ਰਾਈਵੇਟ ਅਦਾਰਿਆ ਵਿਖੇ ਟਾਈਲੇਟ ਬਲਾਕਾਂ ਦੀ ਉਸਾਰੀ, ਮੇਨਟੇਨ ਅਤੇ ਚਲਾ ਰਹੀ ਹੈ।ਨਗਰ ਨਿਗਮ ਵੱਲੋ ਪਹਿਲਾ ਵੀ ਮਤਾ ਨੰ:179 ਮਿਤੀ: 30-10-2009 ਬਾਰੇ ਸਰਕਾਰ ਪਾਸੋ ਸਿਧਾਂਤਕ ਪ੍ਰਵਾਨਗੀ ਪੱਤਰ ਨੰ: 14/1/10-4ਸਸਸ1/1341 ਮਿਤੀ:-26-03-2010 ਰਾਹੀਂ ਪ੍ਰਾਪਤ ਹੋਣ ਉਪਰੰਤ ਨਗਰ ਨਿਗਮ ਜਲੰਧਰ ਵੱਲੋ ਮਤਾ ਨੰ: 135 ਮਿਤੀ 05-01-11 ਅਤੇ ਮਤਾ ਨੰ:138 ਮਿਤੀ:- 15-07-11 ਰਾਹੀ ਪਹਿਲਾ ਵੀ ਬਿਨ੍ਹਾਂ ਟੈਂਡਰ ਪ੍ਰਕ੍ਰਿਆ ਅਪਨਾਏ ਮੈਸ: ਸੁਲਭ ਪਾਸੋਂ 9 ਟਾਈਲੇਟ ਬਲਾਕ ਦੀ ਉਸਾਰੀ ਦਾ ਰੱਖ-ਰੱਖਾਵ ਅਤੇ ਚਲਾਉਣ ਦਾ ਕੰਮ ਕਰਵਾਇਆ ਜਾ ਰਿਹਾ ਹੈ । ਮਤਾ ਨੰ: 142 ਮਿਤੀ:05-12-16 ,ਪੀ.ਐਮ.ਆਈ.ਡੀ.ਸੀ ਦੇ ਪੱਤਰ ਨੰ: 8893 ਮਿਤੀ:10-10-17 ਅਤੇ ਮਤਾ ਨੰ: 52 ਮਿਤੀ:-02-01-18 ਰਾਹੀ ਪ੍ਰਵਾਨਗੀ ਪ੍ਰਾਪਤ ਕਰਨ ਉਪਰੰਤ ਇਸ ਫਰਮ ਨੂੰ ਜਲੰਧਰ ਸ਼ਹਿਰ ਦੀਆਂ 34 ਸਾਇਟਾਂ ਵਿਖੇ ਬਲਾਕਾਂ ਦੀ ਉਸਾਰੀ ਅਤੇ ਪੇਅ ਐਂਡ ਯੂਜ਼ ਬੇਸਿਸ ਤੇ ਮੇਨਟੇਨ ਅਤੇ ਚਲਾਉਣ ਸਬੰਧੀ ਬਿਨਾਂ ਟੈਂਡਰ ਪ੍ਰਕ੍ਰਿਆ ਅਪਨਾਏ ਵਰਕ ਆਰਡਰ ਨੰ: ਸੀ.ਈ/ਡਬਲਯੂ/155 ਮਿਤੀ:- 15-01-18 ਜਾਰੀ ਕੀਤਾ ਗਿਆ ਹੈ।ਇਹ ਕੰਮ ਪ੍ਰਗਤੀ ਅਧੀਨ ਹੈ।

ਫੇਸ-2 ਅਧੀਨ ਨਵੀਆ ਵੱਖ-ਵੱਖ 40 ਢੁੱਕਵੀਆ ਸਾਇਟਾਂ ਵਿਖੇ ਪਬਲਿਕ-ਕਮ-ਟਾਈਲੇਟ/ਯੂਰੀਨਲ ਬਲਾਕ ਬਣਾਉਣ ਸਬੰਧੀ ਤਖਮੀਨਾ ਰੁ: 412.42 ਲੱਖ ਅਤੇ ਬਿਜਲੀ ਕੰਨਕੈਸ਼ਣ ਵਾਸਤੇ ਰੁ: 7.00 ਲੱਖ ਕੁੱਲ ਰੁ: 419.42 ਲੱਖ ਦਾ ਤਿਆਰ ਕੀਤਾ ਗਿਆ ਹੈ।ਇਸ ਤਖਮੀਨੇ ਵਿੱਚ ਸੁਲਭ ਵੱਲੋ ਦਿੱਤੀ ਗਈ ਤਜਵੀਜ ਮਿਤੀ:- 15-02-18 ਅਨੁਸਾਰ ਹੀ ਰੇਟਾਂ ਦੀ ਪ੍ਰੋਵੀਜਨ ਕੀਤੀ ਗਈ ਹੈ।ਬਿਜਲੀ ਦੇ ਕੰਨਕੈਸ਼ਣ ਵਾਸਤੇ ਰੱਖੀ ਗਈ ਪ੍ਰੋਵੀਜਨ ਰੁ: 7.00 ਲੱਖ ਕੰਨਕੈਸ਼ਣ ਲੈਣ ਸਮੇਂ ਪੀ.ਐਸ.ਪੀ.ਸੀ.ਐਲ ਵੱਲੋ ਕੀਤੀ

ਗਈ ਮੰਗ ਅਨੁਸਾਰ ਸਮੇ-ਸਮੇਂ ਤੇ ਅਡਵਾਂਸ ਜਮਾ ਕਰਵਾਏ ਜਾਣੇ ਹਨ।ਮੈਸ:ਸੁਲਭ ਆਪਣੇ ਪੱਧਰ ਤੇ ਇਨ੍ਹਾਂ ਸਾਇਟਾਂ ਵਿਖੇ ਬਲਾਕਸ ਦਾ ਡਿਜਾਇਨ ਅਤੇ ਡਰਾਇੰਗ ਆਦਿ ਤਿਆਰ ਕਰਵਾ ਕੇ ਪ੍ਰਵਾਨਗੀ ਪ੍ਰਾਪਤ ਕਰਨ ਉਪਰੰਤ ਉਸਾਰੀ ਦਾ ਕੰਮ, ਰੱਖ-ਰੱਖਾਵ,ਪੇਅ ਐਂਡ ਯੂਜ਼ ਬੇਸਿਸ ਪੰਜ ਰੁ ਪ੍ਰਤੀ ਯੂਜਰ ਫਾਰ ਟਾਈਲੇਟ ਅਤੇ ਪੰਜ ਰੁ. ਪ੍ਰਤੀ ਯੂਜਰ ਫਾਰ ਬਾਥ ਚਾਰਜਿਸ ਲੈ ਕੇ ਚਲਾਉਣ ਦਾ ਕੰਮ ਅਗਲੇਰੇ 10 ਸਾਲ ਵਾਸਤੇ ਬਿਨਾਂ ਟੈਂਡਰ ਪ੍ਰਕ੍ਰਿਆ ਅਪਨਾਏ ਕਰਵਾਉਣਾ ਤਜਵੀਜ ਕੀਤਾ ਜਾਦਾ ਹੈ।ਮੈਸ: ਸੁਲਭ ਬਿਜਲੀ ਦੇ ਖਪਤ ਬਿਲ ਦੀ ਅਦਾਇਗੀ ਆਪਣੇ ਪੱਧਰ ਤੇ ਕਰਨ ਵਾਸਤੇ ਜਿੰਮੇਵਾਰ ਹੋਵੇਗਾ।

ਸ਼ਹਿਰ ਦੀਆਂ ਵੱਖ-ਵੱਖ ਥਾਵਾ ਵਿਖੇ ਲੋੜ ਅਨੁਸਾਰ ਤਖਮੀਨੇ ਵਿੱਚ 13 ਸਾਇਟਾ ਵਿਖੇ 5 ਸੀਟਾਂ ਦੇ ਬਲਾਕ ਅਤੇ 27 ਸਾਇਟਾਂ ਵਿਖੇ 3 /2 ਸੀਟਾਂ ਦੇ ਬਲਾਕ ਬਣਾਉਣ ਦੀ ਪ੍ਰੋਵੀਜਨ ਕੀਤੀ ਗਈ ਹੈ । 5 ਸੀਟਾਂ ਦੇ ਬਲਾਕ ਵਿੱਚ 2 ਔਰਤਾਂ , 2 ਮਰਦਾਂ ਅਤੇ ਇੱਕ ਅਪੰਗ ਵਿਅਕਤੀਆ ਵਾਸਤੇ ਟਾਈਲੇਟ ਸੀਟਸ ,ਵਾਂਸ਼ ਬੇਸਿਨ, ਯੂਰੀਨਲ ਪੋਟ ,ਕੇਅਰ ਟੇਕਰ ਦੇ ਬੈਠਣ ਦੀ ਜਗ੍ਹਾਂ ਅਤੇ ਇਸ ਤਰਾ ਹੀ 3 ਸੀਟਾਂ ਵਾਲੇ ਬਲਾਕਾਂ ਵਿਖੇ ਇੱਕ ਅਰੋਤਾਂ ਅਤੇ ਇੱਕ ਮਰਦਾ , ਇੱਕ ਅਪੰਗ ਵਿਅਕਤੀਆ ਵਾਸਤੇ ਟਾਈਲੇਟ ਸੀਟਸ ਅਤੇ ਯੂਰੀਨਲ ਪੋਟਸ ਆਦਿ ਦੀ ਪ੍ਰੋਵੀਜਨ ਕੀਤੀ ਗਈ ਹੈ।ਐਚ.ਡੀ.ਐਮ ਵੱਲੋ ਚੈਕ ਕਰਨ ਉਪਰੰਤ ਤਖਮੀਨਾ ਰੁ: 419.42 ਲੱਖ ਵਿੱਚੋ ਸਵੱਛ ਭਾਰਤ ਮਿਸ਼ਨ ਦੀਆਂ ਗਾਇਡ ਲਾਈਨਜ ਅਨੁਸਾਰ ਭਾਰਤ ਸਰਕਾਰ ਵੱਲੋ ਪ੍ਰਤੀ ਸੀਟ ਰੁ 39,200/-, ਪੰਜਾਬ ਸਰਕਾਰ ਵੱਲੋ ਪ੍ਰਤੀ ਸੀਟ ਰੁ: 26,134/- ਦੇ ਹਿਸਾਬ ਨਾਲ ਕੁੱਲ 144 ਸੀਟਾਂ ਵਾਸਤੇ ਕੁੱਲ ਗਰਾਂਟ ਰੁ: 94.09 ਲੱਖ ਪ੍ਰਾਪਤ ਹੋਣ ਦੀ ਉਮੀਦ ਹੈ ਅਤੇ ਇਸ ਰਾਸ਼ੀ ਵਿੱਚੋ ਰੁ: 47,04,048/- ਲੱਖ ਦੀ ਰਾਸ਼ੀ 50% ਗਰਾਟ ਵਜੋ ਅਤੇ ਪਹਿਲੀ ਕਿਸ਼ਤ ਵਜੋ ਨਗਰ ਨਿਗਮ ਨੂੰ ਮਿਤੀ:- 23-02-18 ਨੂੰ ਪ੍ਰਾਪਤ ਹੋ ਚੁੱਕੀ ਹੈ । ਬਾਕੀ ਬਚੱਦੀ ਤਖਮੀਨੇ ਦੀ ਰਾਸ਼ੀ ਰੁ: 325.32 ਲੱਖ ਉਪਰੋਕਤ ਵਿਸ਼ੇ ਅਧੀਨ ਕੰਮ ਕਰਵਾਉਣ ਵਾਸਤੇ ਨਗਰ ਨਿਗਮ ਨੂੰ ਗਰਾਟ ਰਾਸ਼ੀ ਤੋਂ ਇਲਾਵਾ ਆਪਣੇ ਫੰਡਾਂ ਵਿੱਚੋ ਖਰਚ ਕਰਨੀ ਪਵੇਗੀ ।ਜਗ੍ਹਾਂ ਦੀ ਉਪਲੱਬਧਾਂ ਅਨੁਸਾਰ ਡਿਜਾਇਨ ਚੇਂਜ ਕਰਨ, ਸਾਇਟ ਬਦਲੀ ਕਰਨ, ਆਇਟਮਾਂ ਦੀ ਵੈਰੀਏਸ਼ਨ, ਡਰਾਇੰਗਾਂ ਦੀ ਪ੍ਰਵਾਨਗੀ ਸਬੰਧੀ ਨਿਗਰਾਨ ਇੰਜੀਨੀਅਰ ਬੀ.ਐਡ.ਆਰ ਨੂੰ ਅਧਿਕਾਰਿਤ ਕਰਨ ਅਤੇ ਬਲਾਕਾਂ ਦੀ ਉਸਾਰੀ ਪੂਰੀ ਹੋਣ ਉਪਰੰਤ 10 ਸਾਲ ਵਾਸਤੇ ਮੈਸ: ਸੁਲਭ ਇੰਟਰਨੈਸ਼ਨਲ ਸੋਸ਼ਲ ਸਰਵਿਸ ਓਰਗੇਨਾਈਜੇਸ਼ਨ, ਚੰਡੀਗੜ੍ਹ ਵੱਲੋਂ ਦਿੱਤੀ ਤਜਵੀਜ ਅਨੁਸਾਰ ਪੇਅ ਐਂਡ ਯੂਜ਼ ਬੇਸਿਸ ਤੇ ਰੱਖ-ਰਖਾਵ ਅਤੇ ਚਲਾਉਣ ਵਾਸਤੇ ਤਜਵੀਜ ਕੀਤਾ ਜਾਦਾ ਹੈ।ਤਖਮੀਨਾ ਰੁ:419.42 ਲੱਖ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਪਾਸੋਂ ਪ੍ਰਾਪਤ ਕਰਨ ਲਈ ਇਹ ਕੇਸ ਹਾਊਸ ਵਿੱਚ ਵਿਚਾਰਣ ਅਤੇ ਲੋੜੀਦੀ ਪ੍ਰਵਾਨਗੀ ਪ੍ਰਾਪਤ ਕਰਨ ਲਈ ਭੇਜਣ ਦੀ ਕ੍ਰਿਪਾਲਤਾ ਕੀਤੀ ਜਾਵੇ।

Sub: - List of proposed sites by the health branch for const. of public cum community toilet blocks at various sites in Jalandhar city phase-2

Sr. No	Constituency	Location	No.of Seats Required
1	Center	Dilkusha Market	3
2	Center	Parking Puda Market (Red Cross Market)Near Jyoti Chowk	5
3	Center	Park site B/side T.V.Centre	3
4	Center	Park site B/side Jhandian wala Peer	3
5	Center	Under R.O.B Rama Mandi	5
6	Center	Choggatti Chowk opp.Pspcl station	3
7	Center	40 Quarter S.D.College road near J.J.Tent House	3
8	Center	Ladowali road Near Dump	3
9	Center	Opp.T.V.Centre park site	3
10	Center	Gurmandi Chowk or Near Charanjit pura Park	3
11	Center	Near Milk Bar Dolphin Chowk old sabji mandi	5
12	Center	Near Dump Plaza Chowk G.T.road	5
13	Center	Dushera Ground Back side geeta mandir Adaresh Nagar	3
14	center	Near Shamshan ghat Jhugian Chougitti	5
15	center	Peer Bodla Bazar	3
16	center	Phagwara gate main chowk	3
17	Center	Near Luv kush Chowk	3
18	Cantt.	Model Town Shamshan Ghat	5
19	Cantt.	Near Traffic Signal Model Town Market or near P&S Bank	3
20	Cantt.	B/side Urban -Estate phase-2 at Dairy Complex road	5
21	Cantt.	Boota Mandi Dr.Ambedkar Park	5
22	Cantt.	Near T.Well Guru Gobind Singh stadium	5

23	Cantt.	Near Guru Nanak Library G.T.Road.	5
24	Cantt.	Dayanand Chowk Garha	3
25	Cantt.	Bhai jaita ji Market, G.T.B.Nagar	3
26	Cantt.	Near Johal Market, Basant vihar road (Park site)	3
27	North	Gulab Devi road opp.Gulab devi Hospital	3
28	North	Attari Bazar Bohar wala Chowk	3
29	North	Khingra Gate	3
30	North	Mast Ram Park,opp.Chintpurni Madir,M.H.Gali	3
31	North	In front of Sodal Mandir	5
32	West	Near Skew Bridge Adjoining Canal	3
33	West	Near Kpt road Pully Adjoining Canal	5
34	West	Katcha kot Near Water Tanky Bawa Khel	3
35	West	Basti Gujjan Near Bijli Ghar	3
36	West	Basti Danishmanda Adda , Park site	3
37	West	Basti shiekh Dushera Ground	3
38	West	Basti Shiekh Near Zonal Office	3
39	West	Sabji Mandi Ajit Halwai backside ,Bhargo Camp	3
40	West	Bhudha Mall Park, Bhargo Camp	5

Above mentioned sites have been proposed by the field staff of Health branch if needed any sites could be chandged later on local Govt.may kindly be informed for the earn mark of grants under Swash Bharat Mission .Draft letter is here by attached for approval and signature please.

Superintending Engineer **Corporation Engineer** **A.H.O**

ਨਿਗਰਾਨ ਇੰਜੀਨੀਅਰ (ਬੀ.ਐਂਡ ਆਰ.) ਨੇ ਤਜਵੀਜ ਹਾਊਸ ਵਿਚ ਰੱਖਣ ਦੀ ਸ਼ਿਫਾਰਸ਼ ਕੀਤੀ ਹੈ। ਕਮਿਸ਼ਨਰ ਜੀ ਨੇ ਮਿਤੀ : 26.02.2018 ਰਾਹੀ ਸਹਿਮਤੀ ਹਸਤਾਖਰ ਕੀਤੇ ਹਨ।

ਮਾਣਯੋਗ ਮੇਅਰ ਜੀ ਦੇ ਆਦੇਸ਼ ਮਿਤੀ : 28.02.2018 ਰਾਹੀ ਤਜ਼ਵੀਜ਼ ਨਗਰ ਨਿਗਮ ਹਾਊਸ ਵਿੱਚ ਵਿਚਾਰਣ ਅਤੇ ਫੈਸਲੇ ਹਿੱਤ ਪੇਸ਼ ਹੈ ਜੀ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

5.3.2018

ਮਤਾ ਨੰਬਰ:-15

ਵਿਸ਼ਾ:- ਪ੍ਰੋਵਾਈਡਿੰਗ ਐਂਡ ਇਨਸਟਾਲੇਸ਼ਨ ਆਫ ਆਟੋਮੈਟਿਡ ਸੈਨੇਟਰੀ ਨੈਪਕਿਨ ਵੈਡਿੰਗ ਮਸ਼ੀਨ ਐਂਡ ਸੈਨੇਟਰੀ ਨੈਪਕਿਨ ਇਨਸੀਨੇਰੀਏਟਰ ਐਟ ਟਾਈਲੇਟ ਬਲੋਕਜ ਆਫ ਜਲੰਧਰ ਸਿਟੀ।

ਤਖਮੀਨਾ ਰੁ: 10.18 ਲੱਖ

ਪੜਿਆ ਨੋਟ ਕਾਰਜਕਾਰੀ ਇੰਜੀਨਿਅਰ (ਬੀ ਐਂਡ ਆਰ) ਕਿ ਉਪਰੋਕਤ ਵਿਸ਼ੇ ਅਧੀਨ ਕੰਮ ਵਾਸਤੇ ਆਟੋਮੈਟਿਡ ਸੈਨੇਟਰੀ ਨੈਪਕਿਨ ਵੈਡਿੰਗ ਮਸ਼ੀਨ ਅਤੇ ਯੂਜਡ ਸੈਨੇਟਰੀ ਨੈਪਕਿਨ ਨੂੰ ਡਿਸਪੋਜ ਕਰਨ ਲਈ ਸੈਨੇਟਰੀ ਨੈਪਕਿਨ ਇਨਸੀਨੇਰੀਏਟਰ ਲਗਾਉਣ ਅਤੇ ਇੱਕ ਸਾਲ ਦੇ ਗਾਰੰਟੀ ਪ੍ਰੀਰਿਅਡ ਤੋਂ ਇਲਾਵਾ 2 ਸਾਲਾ ਲਈ ਇਨ੍ਹਾ ਮਸ਼ੀਨਾਂ ਨੂੰ ਮੇਨਟੇਨ ਕਰਨ ਲਈ M/s H.L.L.Life care Ltd, Kerla India, Govt of India Enterprises ਵੱਲੋ ਨਗਰ ਨਿਗਮ ਜਲੰਧਰ ਨੂੰ ਪੱਤਰ ਨੰ: ਐਚ.ਐਲ.ਐਲ.ਆਰ. ਓ.ਡੀ.ਐਮ(ਵੀ.ਬੀ.ਡੀ)17-18 ਮਿਤੀ:-16-01-18 ਰਾਹੀ ਇਸਤਰੀਆ ਅਤੇ ਲੜਕੀਆ ਦੀ ਸਹੀ ਸਿਹਤ ਨੂੰ ਯਕੀਨੀ ਬਣਾਉਣ, ਇੰਨਫੈਸਕਸ਼ਨ, ਐਚ.ਆਈ.ਵੀ/ ਏਡਜ ਅਤੇ ਹੋਰ ਖਤਰਨਾਕ ਬੀਮਾਰੀਆ ਤੋਂ ਬਚਾਉਣ ਵਾਸਤੇ ਸ਼ਹਿਰ ਵਿਖੇ ਵੱਖ-ਵੱਖ ਥਾਵਾ ਤੇ ਲਗਾਉਣ ਲਈ ਤਜਵੀਜ ਭੇਜੀ ਹੈ। ਇਸ ਬਾਰੇ ਮਾਨਯੋਗ ਕਮਿਸ਼ਨਰ ਜੀ ਨਾਲ ਮਿਤੀ:- 22-01-18 ਨੂੰ ਵਿਚਾਰ ਵਟਾਦਰਾ ਕੀਤਾ ਗਿਆ।ਹੋਏ ਵਿਚਾਰ ਵਟਾਦਰੇ ਅਨੁਸਾਰ ਜਾਰੀ ਹਦਾਇਤਾਂ ਦੀ ਪਾਲਣਾ ਹਿਤ ਇਸਤਰੀਆ ਅਤੇ ਲੜਕੀਆ ਨੂੰ ਸੁਰਖਿਅਤ ਅਤੇ ਹੈਲਥੀ ਪ੍ਰੈਕਟਿਸ ਰਾਹੀ ਆਟੋਮੈਟਿਡ ਸੈਨੇਟਰੀ ਨੈਪਕਿਨ ਵੈਡਿੰਗ ਮਸ਼ੀਨ ਲਗਾ ਕੇ ਸੈਨੇਟਰੀ ਨੈਪਕਿਨ ਮੁਹੱਈਆ ਕਰਨ ਅਤੇ ਯੂਜਡ ਪੈਡ ਦੀ ਸਹੀ ਅਤੇ ਸੁਰਖਿਅਤ ਡਿਸਪੋਜਲ ਨੂੰ ਯਕੀਨੀ ਬਣਾਉਣ ਲਈ ਸ਼ਹਿਰ ਵਿਖੇ ਵੱਖ-ਵੱਖ ਥਾਂਵਾ ਤੇ ਬਣਾਏ ਗਏ ਸੁਲਭ ਸੋਚਾਲਿਆ ਅਤੇ ਨਗਰ ਨਿਗਮ ਦੇ ਮੇਨ ਦਫਤਰ ਵਿਖੇ ਔਰਤਾਂ ਵਾਸਤੇ ਬਣਾਏ ਗਏ ਟਾਈਲੇਟ ਬਲੋਕਜ ਆਦਿ ਵਿਖੇ ਲਗਾਉਣ ਸਬੰਧੀ ਕੰਪਨੀ ਦੇ ਨੁਮਾਇੰਦੇ ਨਾਲ ਨਗਰ ਨਿਗਮ ਦੇ ਤਕਨੀਕੀ ਸਟਾਂਫ ਵੱਲੋ ਵੱਖ-ਵੱਖ ਟਾਈਲੇਟ ਬਲੋਕਜ ਦਾ ਮੋਕਾ ਮਿਤੀ:- 22-01-18 ਨੂੰ ਵੇਖਿਆ ਗਿਆ ਸੀ।ਮੋਕੇ ਦਾ ਨਿਰੀਖਣ ਕਰਨ ਉਪਰੰਤ ਉਪਰੋਕਤ ਮਸ਼ੀਨਾਂ ਸੁਲਭ ਸੋਚਾਲਿਆ ਅਤੇ ਮੇਨ ਦਫਤਰ ਵਿਖੇ ਕੁੱਲ 15 ਟਾਈਲੇਟ ਬਲੋਕਾਂ ਵਿਖੇ ਲਗਾਈਆ ਜਾ ਸਕਦੀਆ ਹਨ।ਇਹ ਮਸ਼ੀਨਾ ਲਗਾਉਣ ਉਪਰੰਤ ਇਨ੍ਹਾਂ ਟਾਈਲੇਟ ਬਲੋਕ ਵਿਖੇ ਆਉਣ ਵਾਲੀਆ ਇਸਤਰੀਆ ਤੇ ਜਵਾਨ ਲੜਕੀਆ ਨੂੰ ਬੇ-ਝਿਝਕ, ਸੁਰਖਿਅਤ ਅਤੇ ਸਹੀ ਵਾਤਾਵਰਣ ਅਧੀਨ ਸਾਫ ਸੁਥਰੇ ਸੈਨੇਟਰੀ ਨੈਪਕਿਨ ਦੀ ਸੁਵਿਧਾ ਆਟੋਮੈਟਿਡ ਮਸ਼ੀਨਾਂ ਰਾਹੀ ਸਿਰਫ 10 ਰੁ: ਪ੍ਰਤੀ ਪੈਕ 3 ਸੈਨੇਟਰੀ ਨੈਪਕਿਨ ਪੈਡਸ ਵਾਸਤੇ ਦੇਣ ਉਪਰੰਤ ਸੁਵਿਧਾ ਮੁਹੱਈਆ ਕੀਤੀ ਜਾਵੇਗੀ ਅਤੇ ਯੂਜਡ ਨੈਪਕਿਨ ਨੂੰ ਸਹੀ ਅਤੇ ਸੇਫ ਤਰੀਕੇ ਨਾਲ ਡਿਸਪੋਜ਼ ਕੀਤਾ ਜਾ ਸਕੇਗਾ।ਇਹ ਪ੍ਰਾਪਤ ਰਕਮ ਸਬੰਧਤ ਕੰਪਨੀ ਦੀ ਹੋਵੇਗੀ।ਸੁਲਭ ਵੱਲੋ ਮੇਨਟੇਨ ਕੀਤੇ ਜਾ ਰਹੇ 9 ਟਾਈਲੇਟ ਬਲੋਕਾਂ ਵਿਖੇ ਨਗਰ ਨਿਗਮ ਵੱਲੋ ਇਹ ਮਸ਼ੀਨਾ ਆਦਿ ਲਗਾਉਣ ਸਬੰਧੀ ਮੈਸ:ਸੁਲਭ ਨੂੰ ਕੋਈ ਇਤਰਾਜ ਨਹੀ ਹੈ, ਜਿਸ ਬਾਰੇ ਲਿਖਤੀ ਸਹਿਮਤੀ ਦਿੱਤੀ ਹੈ। ਸੰਯੁਕਤ ਸਚਿਵ ਅਤੇ ਮਿਸ਼ਨ ਨਿਰਦੇਸ਼ਕ (ਐਸ.ਬੀ.ਐਮ), ਭਾਰਤ ਸਰਕਾਰ, ਸ਼ਹਿਰੀ ਵਿਕਾਸ ਮੰਤਰਾਲਿਆ ਵੱਲੋ ਅਰਧ ਸਰਕਾਰੀ ਪੱਤਰ ਨੰ: 15/2/2016-ਐਸ.ਬੀ.ਐਮ ਮਿਤੀ:- 17-03-16 ਰਾਹੀ ਲਿਖਿਆ ਗਿਆ ਹੈ ਕਿ ਇਹ ਮਸ਼ੀਨਾ ਲਗਾਉਣ ਤੇ ਆਉਣ ਵਾਲਾ ਕੁੱਲ ਖਰਚਾ ਸਿੱਧੇ ਤੋਰ ਤੇ ਸਵੱਛ ਭਾਰਤ ਮਿਸ਼ਨ ਦੇ ਕੰਪੋਨੈਟ ਸਾਲਿਡ ਵੇਸਟ ਮੈਨਜਮੈਟ ਦੇ ਅਧੀਨ ਬੁੱਕ ਕੀਤਾ ਜਾ ਸਕਦਾ ਹੈ। M/s H.L.L.Life care Ltd,Kerla India, ਇੱਕ 100% Govt of India Enterprises ਹੈ ਅਤੇ ਇਸ ਦਾ ਪ੍ਰਸ਼ਾਸਨਿਕ ਕੰਟਰੋਲ Ministry of Health &Family Welfare ਅਧੀਨ ਹੈ।ਇਸ ਲਈ ਇਹ ਮਸ਼ੀਨਾਂ ਬਿਨਾਂ ਟੈਂਡਰ ਪ੍ਰਕ੍ਰਿਆ ਅਪਨਾਏ ਸਿੱਧੇ ਤੋਰ ਤੇ M/s H.L.L.Life care Ltd ਰਾਹੀ ਇੰਨਸਟਾਂਲ ਅਤੇ 2 ਸਾਲ ਵਾਸਤੇ ਮੇਨਟੇਨ ਕਰਵਾਈਆ ਜਾ ਸਕਦੀਆ ਹਨ।ਵੱਖ-ਵੱਖ ਸਰਕਾਰੀ ਅਤੇ ਪ੍ਰਾਈਵੇਟ ਅਧਾਰਿਆ ਵੱਲੋ ਵੀ ਇਹ ਮਸ਼ੀਨਾਂ ਲਗਾਉਣ ਲਈ ਇਸ ਫਰਮ ਨੂੰ ਵਰਕ ਆਰਡਰ ਜਾਰੀ ਕੀਤੇ ਗਏ ਹਨ।

ਫਰਮ ਵੱਲੋ ਦਿੱਤੀ ਤਜਵੀਜ ਅਤੇ ਫੀਲਡ ਸਟਾਫ ਦੀ ਰਿਪੋਰਟ ਅਨੁਸਾਰ ਇੱਕ ਟਾਈਲੇਟ ਬਲੋਕ ਵਿਖੇ ਇਹ ਮਸ਼ੀਨਾ ਲਗਾਉਣ ਦਾ ਕੁੱਲ ਖਰਚਾ ਰੁ: 67,500/- ਹੈ ਅਤੇ ਕੁੱਲ 15 ਬਲੋਕਾਂ ਵਿਖੇ ਮਸ਼ੀਨਾਂ ਲਗਾਉਣ ਦਾ ਕੁੱਲ ਖਰਚਾ ਰੁ:10.18 ਲੱਖ ਆਉਣ ਦਾ ਅਨੁਮਾਨ ਹੈ।ਫਰਮ ਵੱਲੋ ਆਪਣੀ ਤਜਵੀਜ ਰਾਹੀ ਮਸ਼ੀਨਾਂ ਇੰਨਸਟਾਲ ਕਰਵਾਉਣ ਲਈ ਵਰਕ ਆਰਡਰ ਨਾਲ ਅਡਵਾਂਸ ਅਦਾਇਗੀ ਦੀ ਮੰਗ ਕੀਤੀ ਹੈ, ਪਰ ਇਹ ਮਸ਼ੀਨਾਂ ਇਨਸਟਾਲ ਹੋਣ ਤੇ ਇਨ੍ਹਾਂ ਦੀ ਵਰਕਿੰਗ ਚੈਕ ਕਰਨ ਉਪਰੰਤ ਹੀ ਬਣਦੀ ਅਦਾਇਗੀ ਕਰਨੀ ਤਜਵੀਜ ਕੀਤਾ ਜਾਦਾ ਹੈ।

ਬਿਨਾਂ ਟੈਂਡਰ ਪ੍ਰਕ੍ਰਿਆ ਅਪਨਾਏ M/s H.L.L.Life care Ltd ਰਾਹੀ 15 ਆਟੋਮੈਟਿਡ ਸੈਨੇਟਰੀ ਨੈਪਕਿਨ ਵੈਡਿੰਗ ਮਸ਼ੀਨਾਂ ਅਤੇ 15 ਸੈਨੇਟਰੀ ਨੈਪਕਿਨ ਇਨਸੀਨੇਰੀਏਟਰ ਲਗਵਾਉਣ ਅਤੇ 2 ਸਾਲਾਂ ਵਾਸਤੇ ਮੇਨਟੇਨ ਕਰਵਾਉਣ ਦਾ ਕੁੱਲ ਖਰਚਾ ਰੁ: 10.18 ਲੱਖ ਦੀ ਪ੍ਰਵਾਨਗੀ ਪ੍ਰਾਪਤ ਕਰਨ ਲਈ ਇਹ ਤਜਵੀਜ ਨਗਰ ਨਿਗਮ ਹਾਊਸ ਦੇ ਵਿਚਾਰਣ ਅਤੇ ਫੈਸਲੇ ਹਿਤ ਭੇਜਣ ਦੀ ਖੇਚਲ ਕੀਤੀ ਜਾਵੇ, ਤਾਂ ਜ਼ੋ ਪ੍ਰਵਾਨਗੀ ਤੋ ਬਾਅਦ ਇਸ ਫਰਮ ਨਾਲ ਇਕਰਾਰਨਾਮਾ ਕਰਨ ਅਤੇ ਲੋੜੀਦਾ ਵਰਕ ਆਰਡਰ ਜਾਰੀ ਕਰਕੇ ਇਹ ਮਸ਼ੀਨਾਂ ਲਗਵਾਈਆ ਜਾ ਸਕਣ।ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਨੇ ਮਿਤੀ 13.2.18 ਰਾਹੀਂ ਉਕਤ ਤਜ਼ਵੀਜ਼ ਨਗਰ ਨਿਗਮ ਹਾਊਸ ਵਿੱਚ ਰੱਖਣ ਹਿੱਤ ਸਿਫਾਰਸ਼ ਕੀਤੀ ਹੈ ਜਿਸ ਤੇ ਕਮਿਸ਼ਨਰ ਜੀ ਨੇ ਮਿਤੀ 13.2.18 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 26.2.18 ਰਾਹੀਂ ਤਜ਼ਵੀਜ਼ ਹਾਊਸ ਵਿੱਚ ਵਿਚਾਰਣ ਅਤੇ ਫੈਸਲੇ ਹਿਤ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

5.3.2018

ਮਤਾ ਨੰਬਰ:-16

ਵਿਸ਼ਾ:- ਵਰਿਆਣਾ ਵਿਖੇ ਕੂੜੇ ਦੇ ਡੰਪ ਲਾਗੇ ਕੂੜੇ ਦੀ ਸਾਂਭ-ਸਭਾਲ ਵਾਸਤੇ ਪਲਾਂਟ ਲਗਾਉਣ ਲਈ 8 ਤੋਂ 10 ਏਕੜ ਜਮੀਨ ਦੀ ਖਰੀਦ ਕਰਨ ਬਾਰੇ।

ਪੜ੍ਹਿਆ ਨੋਟ ਅਸਟੇਟ ਅਫਸਰ ਮਿਤੀ 12.2.2018 ਜਿਸ ਨਾਲ ਨਿਗਰਾਨ ਇੰਜੀਨੀਅਰ (ਬੀ.ਐਂਡ ਆਰ) ਨੇ ਸਹਿਮਤੀ ਹਸਤਾਖਰ ਕੀਤੇ ਹਨ ਕਿ ਉਪਰੋਕਤ ਵਿਸ਼ੇ ਅਧੀਨ ਹੈਲਥ ਸ਼ਾਖਾ ਦੀ ਮੰਗ ਅਨੁਸਾਰ ਵਰਿਆਣਾ ਵਿਖੇ ਕੂੜੇ ਦੇ ਡੰਪ ਲਾਗੇ ਕੂੜੇ ਦੀ ਸਾਂਭ-ਸਭਾਲ (Processing & Disposal) ਵਾਸਤੇ ਪਲਾਂਟ ਲਗਾਉਣ ਵਾਸਤੇ ਤਕਰੀਬਨ 8 ਤੋਂ 10 ਏਕੜ ਜਗ੍ਹਾ ਮੁਹਈਆ ਕਰਵਾਉਣ ਵਾਸਤੇ ਕਿਹਾ ਗਿਆ ਸੀ, ਜਿਸ ਤੇ ਕਮਿਸ਼ਨਰ ਜੀ ਵਲੋਂ ਮਿਤੀ 28.12.2017 ਨੂੰ ਇਹ ਜਗ੍ਹਾ ਖਰੀਦ ਕਰਨ ਵਾਸਤੇ ਅਗਲੇਰੀ ਕਾਰਵਾਈ ਕਰਨ ਦੇ ਹੁਕਮ ਦਿੱਤੇ ਸਨ। ਜਗ੍ਹਾ ਐਕੁਆਇਰ ਕਰਨ ਲਈ ਕਮਿਸ਼ਨਰ ਜੀ ਦੇ ਹੁਕਮ ਮਿਤੀ 29.12.2017 ਰਾਹੀਂ ਦੋ ਵੱਖ-ਵੱਖ ਅਖਬਾਰਾਂ ਵਿੱਚ ਇਸ਼ਤਿਹਾਰ ਦਿੱਤੇ ਗਏ, ਜਿਸ ਉਪਰੰਤ ਹੇਠ ਲਿਖੀਆਂ ਚਾਹਵਾਨ ਪਾਰਟੀਆਂ ਵਲੋਂ ਵਰਿਆਣਾ ਡੰਪ ਨਾਲ ਲਗਦੀ ਆਪਣੀ ਮਾਲਕੀ ਵਾਲੀ ਜਗ੍ਹਾ ਨਗਰ ਨਿਗਮ ਨੂੰ ਵੇਚਣ ਲਈ ਇਸ ਦਫਤਰ ਵਿਖੇ ਆਪਣੇ ਸਹਿਮਤੀ ਪੱਤਰ ਦਿੱਤੇ ਗਏ:-

1	ਸ਼੍ਰੀ ਬਲਜਿੰਦਰ ਸਿੰਘ ਪੁੱਤਰ ਸ਼੍ਰੀ ਦਲੀਪ ਸਿੰਘ, ਪਿੰਡ ਵਰਿਆਨਾ, ਜਲੰਧਰ। ਸ਼੍ਰੀ ਲਖਵਿੰਦਰ ਸਿੰਘ, ਪੁੱਤਰ ਸ਼੍ਰੀ ਦਲੀਪ ਸਿੰਘ, ਮਕਾਨ ਨੰ: 152 ਪਿੰਡ ਵਰਿਆਨਾ, ਜਲੰਧਰ। ਸ਼੍ਰੀਮਤੀ ਤਜਿੰਦਰ ਕੌਰ, ਪੱਤਨੀ ਸ਼੍ਰੀ ਹਰਜਿੰਦਰ ਸਿੰਘ, ਪਿੰਡ ਵਰਿਆਨਾ, ਜਲੰਧਰ।	ਤਕਰੀਬਨ ਰਕਬਾ 2 ਏਕੜ 2 ਕਨਾਲ 13 ਮਰਲਾ
2	ਸ਼੍ਰੀ ਇੰਦਰ ਸਿੰਘ ਪੁੱਤਰ ਸ਼੍ਰੀ ਸੋਹਨ ਸਿੰਘ, ਪਿੰਡ ਵਰਿਆਨਾ, ਜਲੰਧਰ।	ਤਕਰੀਬਨ ਰਕਬਾ 2 ਏਕੜ 2 ਕਨਾਲ 13 ਮਰਲਾ
3	ਸ਼੍ਰੀ ਹਰਭਜਨ ਸਿੰਘ ਪੁੱਤਰ ਸ਼੍ਰੀ ਮਹਿੰਦਰ ਸਿੰਘ, ਪਿੰਡ ਵਰਿਆਨਾ, ਜਲੰਧਰ।	ਤਕਰੀਬਨ 2 ਏਕੜ 4 ਕਨਾਲ
4	ਸ਼੍ਰੀ ਗੁਰੂ ਰਵੀਦਾਸ ਭਵਨ ਪ੍ਰਬੰਧਕ ਕਮੇਟੀ, ਵਰਿਆਣਾ ਜਲੰਧਰ ਦੀ ਮਾਲਕੀ ਵਾਲੀ ਜਗ੍ਹਾ	ਤਕਰੀਬਨ 1 ਕਨਾਲ 1 ਮਰਲਾ

ਉਪਰੋਕਤ ਚਾਰੇ ਪਾਰਟੀਆਂ ਦੀ ਮਾਲਕੀ ਵਾਲੀ ਜਗ੍ਹਾ ਵਰਿਆਨਾ ਡੰਪ ਦੇ ਨਜਦੀਕ ਹੈ ਅਤੇ ਇਨ੍ਹਾਂ ਪਾਰਟੀਆਂ ਵਲੋਂ ਜਗ੍ਹਾ ਵੇਚਣ ਲਈ ਸਹਿਮਤੀ ਪੱਤਰ ਦੇ ਨਾਲ ਜਗ੍ਹਾ ਦੀ ਫਰਦ ਦੀ ਕਾਪੀ ਨਾਲ ਲਗਾਈ ਗਈ। ਜਗ੍ਹਾ ਵੇਚਣ ਵਾਲੀਆਂ ਪਾਰਟੀਆਂ ਦੀ ਮਾਲਕੀ ਵਾਲੀ ਜਗ੍ਹਾ ਨੂੰ ਰਵੀਊ ਕਰਨ ਅਤੇ ਜਗ੍ਹਾ ਪਲਾਂਟ ਵਾਸਤੇ ਢੁੱਕਵੀਂ ਹੈ ਜਾਂ ਨਹੀਂ ਬਾਰੇ ਮਾਨਯੋਗ ਕਮਿਸ਼ਨਰ ਜੀ ਵਲੋਂ ਆਪਣੇ ਹੁਕਮ ਮਿਤੀ 18.01.2018 ਰਾਹੀਂ ਇੱਕ ਕਮੇਟੀ ਦਾ ਗਠਨ ਕੀਤਾ ਜਿਸ ਵਿੱਚ ਹੇਠ ਲਿਖੇ ਅਨੁਸਾਰ ਮੈਂਬਰਾਂ ਨੂੰ ਨਾਮਜਦ ਕੀਤਾ ਗਿਆ:-

1. ਡਾ. ਸ਼ਿਖਾ ਭਗਤ, ਸੰਯੁਕਤ ਕਮਿਸ਼ਨਰ
2. ਸ਼੍ਰੀ ਕਿਸ਼ੋਰ ਬਾਂਸਲ, ਨਿਗਰਾਨ ਇੰਜੀਨੀਅਰ, ਓ.ਐਂਡ.ਐਮ
3. ਸ਼੍ਰੀ ਅਸ਼ਵਨੀ ਚੌਧਰੀ, ਨਿਗਰਾਨ ਇੰਜੀਨੀਅਰ, ਬੀ.ਐਂਡ.ਆਰ
4. ਸ਼੍ਰੀ ਸਤਿੰਦਰ ਕੁਮਾਰ, ਅਸਟੇਟ ਅਫਸਰ
5. ਡਾ. ਸ਼੍ਰੀਕ੍ਰਿਸ਼ਨ, ਹੈਲਥ ਅਫਸਰ

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਮਾਨਯੋਗ ਕਮਿਸ਼ਨਰ ਜੀ ਵਲੋਂ ਬਣਾਈ ਗਈ ਕਮੇਟੀ ਵਲੋਂ ਮਿਤੀ 05.02.2018 ਨੂੰ ਸੰਯੁਕਤ ਕਮਿਸ਼ਨਰ ਜੀ ਦੇ ਦਫਤਰ ਵਖੇ ਮੀਟਿੰਗ ਕੀਤੀ ਗਈ, ਜਿਸ ਵਿੱਚ ਸੰਯੁਕਤ ਕਮਿਸ਼ਨਰ ਜੀ ਵਲੋਂ ਨਿਗਰਾਨ ਇੰਜੀਨੀਅਰ (ਓ.ਐਂਡ.ਐਮ), ਨਿਗਰਾਨ ਇੰਜੀਨੀਅਰ (ਬੀ.ਐਂਡ.ਆਰ), ਅਸਟੇਟ ਅਫਸਰ ਅਤੇ ਹੈਲਥ ਅਫਸਰ ਨੂੰ ਜਗ੍ਹਾ ਦਾ ਮੋਕਾ ਵੇਖ ਕੇ ਰਿਪੋਰਟ ਕਰਨ ਲਈ ਕਿਹਾ ਗਿਆ ਸੀ ਅਤੇ ਜਗ੍ਹਾ ਵੇਚਣ ਵਾਲੀਆਂ ਪਾਰਟੀਆਂ ਵਲੋਂ ਦਿੱਤੀਆਂ ਗਈਆਂ ਫਰਦਾਂ ਦੀ ਸਬੰਧਤ ਤਹਿਸੀਲਦਾਰ ਤੋਂ ਮਾਲਕੀ ਅਤੇ ਲੋਨ ਸਬੰਧੀ ਵੈਰੀਫਿਕੇਸ਼ਨ ਕਰਾਉਣ ਲਈ ਕਿਹਾ ਗਿਆ। ਇਸ ਟੀਮ ਵਲੋਂ ਜਗ੍ਹਾ ਵੇਚਣ ਵਾਲੀਆਂ ਚਾਹਵਾਨ ਪਾਰਟੀਆਂ ਵਲੋਂ ਦਿਤੇ ਗਏ ਬੇਨਤੀ ਪੱਤਰ ਤੇ ਜਗ੍ਹਾ ਦੀ ਤਫਤੀਸ਼ ਕਰਨ ਲਈ ਪਟਵਾਰੀ ਵਲੋਂ ਤਿਆਰ ਕੀਤੇ ਗਏ ਸਾਈਟ ਪਲਾਨ ਅਨੁਸਾਰ ਮੋਕੇ ਤੇ ਜਾ ਕੇ ਜਗ੍ਹਾ ਦਾ ਮੁਆਇਨਾ ਕੀਤਾ ਗਿਆ ਹੈ ਅਤੇ ਰਿਪੋਰਟ ਕੀਤੀ ਗਈ ਕਿ ਪਟਵਾਰੀ ਵਲੋਂ ਤਿਆਰ ਕੀਤੇ ਗਏ ਨਕਸ਼ੇ ਵਿੱਚ Green Colour ਨਾਲ ਦਰਸ਼ਾਈ ਗਈ ਜਗ੍ਹਾ ਜੋ ਕਿ ਸ਼੍ਰੀ ਹਰਭਜਨ ਸਿੰਘ ਨਾਲ ਸਬੰਧਤ ਹੈ ਅਤੇ ਤਕਰੀਬਨ 2 ਏਕੜ 4 ਕਨਾਲ ਹੈ। ਇਹ ਜਗ੍ਹਾ ਨਗਰ ਨਿਗਮ ਦੀ ਡੰਪ ਵਾਲੀ ਸਾਇਟ ਤੋਂ ਕਾਫੀ ਦੂਰ ਹੈ ਅਤੇ ਜਗ੍ਹਾ ਘੱਟ ਹੋਣ ਕਾਰਨ ਪਲਾਂਟ ਲਗਾਉਣ ਵਾਸਤੇ ਢੁਕਵੀਂ ਨਹੀਂ ਹੈ। ਨਕਸ਼ੇ ਵਿੱਚ Red Colour ਨਾਲ ਦਰਸ਼ਾਈ ਗਈ ਜਗ੍ਹਾ ਜੋ ਕਿ ਸ਼੍ਰੀ ਗੁਰੂ ਰਵੀਦਾਸ ਭਵਨ ਪ੍ਰਬੰਧਕ ਕਮੇਟੀ, ਵਰਿਆਣਾ ਨਾਲ ਸਬੰਧਤ ਹੈ ਅਤੇ ਤਕਰੀਬਨ 1 ਕਨਾਲ 1 ਮਰਲਾ ਹੈ। ਇਹ ਜਗ੍ਹਾ ਨਗਰ ਨਿਗਮ ਦੀ ਡੰਪ ਵਾਲੀ ਸਾਇਟ ਦੇ ਨਾਲ ਤਾਂ ਲਗਦੀ ਹੈ ਪਰ ਜਗ੍ਹਾ ਬਹੁਤ ਘੱਟ ਹੋਣ ਕਾਰਨ ਪਲਾਂਟ ਵਾਸਤੇ ਢੁੱਕਵੀਂ ਨਹੀਂ ਹੈ।

ਇਸ ਤੋਂ ਇਲਾਵਾ ਨਕਸ਼ੇ ਵਿੱਚ ਜੋ Parrot Colour ਨਾਲ ਦਰਸ਼ਾਈ ਗਈ ਸ਼੍ਰੀ ਬਲਜਿੰਦਰ ਸਿੰਘ, ਸ਼੍ਰੀ ਲਖਵਿੰਦਰ ਸਿੰਘ, ਸ਼੍ਰੀਮਤੀ ਤਜਿੰਦਰ ਕੌਰ ਅਤੇ ਇੰਦਰ ਸਿੰਘ ਦੀਆਂ ਜਗ੍ਹਾ ਜੋ ਕਿ ਨਗਰ ਨਿਗਮ ਦੀ ਡੰਪ ਵਾਲੀ ਸਾਇਟ ਨਾਲ ਲਗਦੀ ਹੈ, ਜਿਸ ਦਾ ਕੁੱਲ ਰਕਬਾ ਲਗਭਗ 4 ਏਕੜ 5 ਕਨਾਲ 6 ਮਰਲੇ ਹੈ। ਇਹ ਜਗ੍ਹਾ ਨਗਰ ਨਿਗਮ ਵਲੋਂ ਪਿਛਲੇ ਸਾਲ ਖਰੀਦ ਕੀਤੀ ਗਈ ਤਕਰੀਬਨ 2.25 ਏਕੜ ਜਗ੍ਹਾ ਦੇ ਨਾਲ ਲਗਦੀ ਹੈ। ਇਸ ਤਰ੍ਹਾਂ ਕੁੱਲ ਜਗ੍ਹਾ ਲਗਭਗ 7 ਏਕੜ ਹੋ ਜਾਂਦੀ ਹੈ ਜਦ ਕਿ ਹੈਲਥ ਸ਼ਾਖਾ ਵਲੋਂ 8 ਤੋਂ 10 ਏਕੜ ਜਗ੍ਹਾ ਦੀ ਮੰਗ ਕੀਤੀ ਗਈ ਹੈ। ਕਿਉਂ ਜੋ ਇਹ ਜਗ੍ਹਾ 7 ਏਕੜ ਹੈ ਅਤੇ ਜੇਕਰ ਪਲਾਂਟ ਲਗਾਉਣ ਵਾਸਤੇ ਹੋਰ ਜਗ੍ਹਾ ਦੀ ਜਰੂਰਤ

ਪੈਂਦੀ ਹੈ ਤਾਂ ਕੁੜਾ ਸ਼ਿਫਟ ਕਰਕੇ ਹੋਰ ਜਗ੍ਹਾ ਇਸ ਵਿੱਚ ਮਿਲਾਈ ਜਾ ਸਕਦੀ ਹੈ। ਮੋਕੇ ਤੇ ਜਗ੍ਹਾ ਦੀ ਤਫਤੀਸ਼ ਅਨੁਸਾਰ ਇਹ ਜਗ੍ਹਾ ਤਕਨੀਕੀ ਅਤੇ ਹੋਰਨਾਂ ਪੱਖਾਂ ਤੋਂ ਪਲਾਂਟ ਲਗਾਉਣ ਲਈ ਢੁੱਕਵੀਂ ਹੈ।

ਕਮੇਟੀ ਵਲੋਂ ਸ਼੍ਰੀ ਬਲਜਿੰਦਰ ਸਿੰਘ, ਸ਼੍ਰੀ ਲਖਵਿੰਦਰ ਸਿੰਘ, ਸ਼੍ਰੀਮਤੀ ਤਜਿੰਦਰ ਕੌਰ ਅਤੇ ਇੰਦਰ ਸਿੰਘ ਦੀਆਂ ਜਗ੍ਹਾ ਜੋ ਕਿ ਨਗਰ ਨਿਗਮ ਦੀ ਡੰਪ ਵਾਲੀ ਸਾਇਟ ਨਾਲ ਲਗਦੀ ਹੈ, ਜਿਸ ਦਾ ਕੁੱਲ ਰਕਬਾ ਲਗਭਗ 4 ਏਕੜ 5 ਕਨਾਲ 6 ਮਰਲੇ ਹੈ ਅਤੇ ਪਲਾਂਟ ਲਗਾਉਣ ਲਈ ਢੁਕਵੀਂ ਹੈ, ਦੀਆਂ ਫਰਦਾਂ ਅਨੁਸਾਰ ਮਾਲਕੀ ਸਬੰਧੀ ਅਤੇ ਨਗਰ ਨਿਗਮ ਦੀ ਮਾਲਕੀ ਵਾਲੀ ਜਗ੍ਹਾ ਦੇ ਨਾਲ ਲਗਦੀ ਬਾਰੇ ਜਾਣਕਾਰੀ ਅਤੇ ਵੈਰੀਫਿਕੇਸ਼ਨ ਕਰਨ ਵਾਸਤੇ ਇਸ ਦਫਤਰ ਵਲੋਂ ਪੱਤਰ ਨੰਬਰ ਸੀ.ਈ/423 ਮਿਤੀ 05.02.2018 ਅਤੇ ਐਨ.ਟੀ-247 ਮਿਤੀ 07.02.2018 ਰਾਹੀਂ ਤਹਿਸੀਲਦਾਰ ਜਲੰਧਰ-2 ਨੂੰ ਲਿਖਿਆ ਗਿਆ। ਤਹਿਸੀਲਦਾਰ ਜਲੰਧਰ-2 ਵਲੋਂ ਆਪਣੇ ਪੱਤਰ ਨੰ: 186 ਮਿਤੀ 06.02.2018 ਅਤੇ ਰਿਪੋਰਟ ਮਿਤੀ 08.02.2018 ਰਾਹੀਂ ਦਸਿਆ ਗਿਆ ਕਿ ਇਨ੍ਹਾਂ ਫਰਦਾਂ ਸਬੰਧੀ ਘੋਖ ਕੀਤੀ ਗਈ ਹੈ ਅਤੇ ਭੇਜੀਆਂ ਗਈਆਂ ਫਰਦਾ ਦੇ ਮਾਲਕਾਨ ਦੀ ਮਲਕੀਅਤ ਹੈ। ਇਸ ਰਕਬੇ ਤੇ ਕੋਈ ਵੀ ਕਿਸੇ ਤਰ੍ਹਾਂ ਦਾ ਲੋਨ ਜਾਂ ਭਾਰ ਨਹੀਂ ਹੈ ਅਤੇ ਇਹ ਜਗ੍ਹਾ ਨਗਰ ਨਿਗਮ ਦੀ ਮਾਲਕੀ ਵਾਲੀ ਜਗ੍ਹਾ ਦੀ ਨਾਲ ਹੀ ਲਗਦੀ ਹੈ। ਇਸ ਲਈ ਉਪਰੋਕਤ ਤਥਾਂ ਨੂੰ ਮੁੱਖ ਰੱਖਦੇ ਹੋਏ ਅਤੇ ਕਮੇਟੀ ਦੀ ਰਿਪੋਰਟ ਅਨੁਸਾਰ ਜਗ੍ਹਾ ਦੀ ਖਰੀਦ ਕਰਨ ਲਈ ਅਗਲੇਰੀ ਕਾਰਵਾਈ ਕਰਨ ਵਾਸਤੇ ਇਹ ਤਜਵੀਜ ਨਗਰ ਨਿਗਮ ਹਾਊਸ ਵਿੱਚ ਵਿਚਾਰਨ ਹਿੱਤ ਰੱਖਣ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਇਸ ਨਾਲ ਸੰਯੁਕਤ ਕਮਿਸ਼ਨਰ ਜੀ ਨੇ ਮਿਤੀ 12.2.2018 ਅਤੇ ਕਮਿਸ਼ਨਰ ਜੀ ਨੇ ਮਿਤੀ 13.2.2018 ਰਾਹੀਂ ਤਜਵੀਜ ਹਾਊਸ ਵਿਚ ਵਿਚਾਰਣ ਹਿਤ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 13.2.2018 ਰਾਹੀਂ ਤਜਵੀਜ ਹਾਊਸ ਵਿਚ ਵਿਚਾਰਣ ਹਿਤ ਪੇਸ਼ ਹੈ ।

ਫੈਸਲਾ:

ਵਿਚਾਰਣ ਉਪਰੰਤ ਸ੍ਰੀ ਲਖਵੀਰ ਸਿੰਘ ਬਾਜਵਾ, ਕੋਂਸਲਰ ਵਲੋਂ ਮੁੱਦਾ ਉਠਾਇਆ ਗਿਆ ਪਹਿਲਾਂ ਹੀ ਵਰਿਆਣਾ ਡੰਪ ਕਾਰਣ ਆਲ੍ਹੇ-ਦੁਆਲ੍ਹੇ ਦੇ ਲੋਕਾਂ ਨੂੰ ਬਹੁਤ ਮੁਸ਼ਕਲ ਆ ਰਹੀ ਹੈ ਅਤੇ ਹੁਣ ਇਸ ਡੰਪ ਨੂੰ ਹੋਰ ਵੱਡਾ ਕਰਨ ਨਾਲ ਬਹੁਤ ਮੁਸ਼ਕਲ ਆਵੇਗੀ । ਜਦ ਨਗਰ ਨਿਗਮ ਵਲੋਂ ਇਸ ਮੰਤਵ ਲਈ ਜਮਸ਼ੇਰ ਵਿਖੇ ਸਾਈਟ ਮੁੱਕਰਰ ਕੀਤੀ ਹੋਈ ਹੈ ਤਾਂ ਇਸ ਨੂੰ ਉਥੇ ਸ਼ਿਫਟ ਕੀਤਾ ਜਾਵੇ ਤਾਂ ਜ਼ੋ ਨਗਰ ਨਿਗਮ ਨੂੰ ਇਹ ਜ਼ਮੀਨ ਖ਼ਰੀਦ ਕਰਨ ਤੇ ਕਰੋੜਾਂ ਰੁਪਏ ਨਾ ਖ਼ਰਚਣੇ ਪੈਣ। ਇਸ ਸਬੰਧੀ ਵਿਰੋਧੀ ਧਿਰ ਵਲੋਂ ਵੀ ਸਹਿਮਤੀ ਪ੍ਰਗਟਾਈ ਗਈ ਕਿ ਸਿਰਫ ਵੈਸਟ ਹਲਕੇ ਵਿੱਚ ਹੀ ਕਿਉਂ ਇਹ ਡੰਪ ਬਣਾਇਆ ਜਾ ਰਿਹਾ ਹੈ ਜਦ ਕਿ ਜਮਸ਼ੇਰ ਡੰਪ ਲਈ 20 ਏਕੜ ਜ਼ਮੀਨ ਰਾਖ਼ਵੀਂ ਹੈ ਅਤੇ ਇਸ ਸਬੰਧੀ ਐਨ.ਓ.ਸੀ. ਵੀ ਪ੍ਰਾਪਤ ਹੋ ਚੁੱਕੀ ਹੈ। ਮੇਅਰ ਜੀ ਨੇ ਹਾਲ ਦੀ ਘੜੀ ਇਸ ਮੱਦ ਨੂੰ ਲੰਬਿਤ ਰੱਖਣ ਦਾ ਆਦੇਸ਼ ਦਿੱਤਾ ਅਤੇ ਇਸ ਸਬੰਧੀ ਇੱਕ ਕਮੇਟੀ ਦੇ ਗਠਨ ਕਰਨ ਦਾ ਅਧਿਕਾਰ ਸਰਵਸੰਮਤੀ ਨਾਲ ਮੇਅਰ ਜੀ ਨੂੰ ਦਿੱਤਾ ਗਿਆ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
5.3.2018

ਮਤਾ ਨੰਬਰ:–17

ਵਿਸ਼ਾ:– Cities Development Initiative in Asia ਪ੍ਰੋਗਰਾਮ ਅਧੀਨ ਜਲੰਧਰ ਸ਼ਹਿਰ ਵਿੱਚ Surface Water ਰਾਹੀਂ ਪੀਣ ਵਾਲੇ ਪਾਣੀ ਦੀ ਸਪਲਾਈ ਦੇਣ ਸਬੰਧੀ।

ਪੜਿਆ ਨੋਟ ਕਾਰਜਕਾਰੀ ਇੰਜੀਨਿਅਰ (ਓ ਐਂਡ ਐਮ) ਕਿ ਉਪਰੋਕਤ ਵਿਸ਼ੇ ਅਧੀਨ ਇਸ ਵਕਤ ਜਲੰਧਰ ਸ਼ਹਿਰ ਦੀ ਲਗਭਗ 10.00 ਲੱਖ ਆਬਾਦੀ ਨੂੰ ਪੀਣ ਵਾਲੇ ਪਾਣੀ ਦੀ ਸਪਲਾਈ ਲਗਭਗ 540 ਟਿਊਬਵੈਲਾਂ ਰਾਹੀਂ ਦਿੱਤੀ ਜਾ ਰਹੀ ਹੈ। ਭਾਰਤ ਸਰਕਾਰ ਦੇ ਡਿਪਾਰਟਮੇਂਟ Central Ground Water Authority ਵਲੋਂ ਸਾਲ 2011 ਵਿੱਚ ਇੱਕ ਸਰਵੇ ਕੀਤਾ ਗਿਆ ਸੀ, ਜਿਸ ਵਿੱਚ ਜਲੰਧਰ ਸ਼ਹਿਰ ਨੂੰ Red Zone ਨੋਟੀਫਾਈ ਕਰ ਦਿੱਤਾ ਗਿਆ ਸੀ, ਜਿਸ ਵਿੱਚ ਉਨ੍ਹਾਂ ਵਲੋਂ ਇਹ ਹੁਕਮ ਜਾਰੀ ਕੀਤੇ ਗਏ ਸਨ ਕਿ ਜਲੰਧਰ ਸ਼ਹਿਰ ਵਿੱਚ ਨਵੇਂ ਟਿਊਬਵੈਲ ਨਾ ਲਗਾਏ ਜਾਣ ਤਾਂ ਜੋ Ground Water ਨੂੰ ਬਚਾਇਆ ਜਾ ਸਕੇ।

ਮਾਨਯੋਗ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਜੀ ਵਲੋਂ ਇਹ ਹੁਕਮ ਕੀਤੇ ਗਏ ਸਨ ਕਿ ਪੰਜਾਬ ਦੇ ਚਾਰ ਸ਼ਹਿਰ ਜਿਸ ਵਿੱਚ ਜਲੰਧਰ, ਅੰਮ੍ਰਿਤਸਰ, ਲੁਧਿਆਨਾ ਅਤੇ ਪਟਿਆਲਾ ਵਿੱਚ Surface Water ਸਪਲਾਈ ਰਾਹੀਂ ਲੋਕਾਂ ਨੂੰ ਪੀਣ ਵਾਲਾ ਪਾਣੀ ਮੁਹਇਆ ਕਰਵਾਉਣ ਲਈ World Bank ਅਤੇ Asian Development Bank ਦੀ ਸਹਾਇਤਾ ਲੈ ਕੇ ਪ੍ਰੋਜੈਕਟ ਤਿਆਰ ਕੀਤੇ ਜਾਣ। ਇਸ ਸਬੰਧ ਵਿੱਚ ਨਗਰ ਨਿਗਮ ਜਲੰਧਰ ਦੇ ਹਾਊਸ ਵਿੱਚ ਮਤਾ ਨੰਬਰ 18 ਮਿਤੀ 06.09.017 ਪ੍ਰਵਾਨ ਕੀਤਾ ਗਿਆ ਸੀ, ਜਿਸ ਵਿੱਚ Surface Water ਸਪਲਾਈ ਲਈ ਲਗਭਗ 2000.00 ਕਰੋੜ ਦੀ ਪ੍ਰਵਾਨਗੀ ਦਿੱਤੀ ਗਈ। ਇਹ ਰਾਸ਼ੀ Asian Development Bank ਵਲੋਂ ਖਰਚੀ ਜਾਣੀ ਹੈ।

ਮਿਤੀ 07.02.2018 ਨੂੰ ਈ–ਮੇਲ ਰਾਹੀਂ CDIA ਵਲੋਂ Technical Assistance Agreement ਭੇਜਿਆ ਗਿਆ, ਜਿਸ ਵਿੱਚ CDIA ਵਲੋਂ ਸਲੈਕਟ ਕੀਤੇ ਗਏ Consultant ਵਲੋਂ ਜਲੰਧਰ ਸ਼ਹਿਰ ਦੀ Surface Water ਸਪਲਾਈ ਵਾਸਤੇ Pre-feasibility ਰਿਪੋਰਟ ਤਿਆਰ ਕੀਤੀ ਜਾਣੀ ਹੈ, ਜਿਸ ਦਾ ਕੁੱਲ ਖਰਚਾ ਰੁਪਏ 6.50 ਲੱਖ US$ (ਤਕਰੀਬਨ ਰੁਪਏ 4.23 ਕਰੋੜ) ਆਉਣਾ ਹੈ, ਜਿਸ ਦਾ 20% ਜੋ ਕਿ ਲਗਭਗ ਰੁਪਏ 1.30 ਲੱਖ US$ (ਤਕਰੀਬਨ ਰੁਪਏ 84.50 ਲੱਖ) ਨਗਰ ਨਿਗਮ ਜਲੰਧਰ ਵਲੋਂ Contribute ਕੀਤੇ ਜਾਣੇ ਹਨ। ਇਥੇ ਇਹ ਦਸਿਆ ਜਾਂਦਾ ਹੈ ਕਿ Contribution ਦੀ ਇਹ ਰਕਮ ਸਿਧੇ ਤੌਰ ਤੇ ਨਕਦੀ ਰੂਪ ਵਿੱਚ ਨਹੀਂ ਦਿੱਤੀ ਜਾਣੀ ਹੈ, ਬਲਕਿ ਇਹ ਰਕਮ Consultant ਨੂੰ ਰਿਪੋਰਟ ਬਣਾਉਣ ਵਿੱਚ ਕੰਮ ਆਉਣ ਵਾਲੀਆਂ ਚੀਜਾਂ ਦੇ ਰੂਪ ਵਿੱਚ ਦਿੱਤੀ ਜਾਣੀ ਹੈ ਜੋ ਕਿ ਹੇਠ ਲਿਖੇ ਅਨੁਸਾਰ ਹੈ:–

Municipal Corporation Jalandhar Contribution

Item	Estimate (US$)	Estimate (INR) In lacs
Municipal Corporation Jalandhar liaison staff	40,000	26.00
Consultant Office	30,000	19.5
Office Furniture and equipment	10,000	6.5
Office utilities	5,000	3.25
River flow data	10,000	6.5
Water quality data and testing facilities	10,000	6.5
Base Maps	10,000	6.5
Workshop support	5,000	3.25
Miscellaneous	10,000	6.5
Total	**130,000**	**84.5**

ਉਪਰੋਕਤ ਅਨੁਸਾਰ ਜੋ 20% Contribution ਨਗਰ ਨਿਗਮ ਜਲੰਧਰ ਵਲੋਂ ਕੀਤੀ ਜਾਣੀ ਹੈ, ਉਸ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਤੋਂ ਲੋੜੀਂਦੀ ਹੈ। ਕਿਉਂ ਜੋ ਇਹ ਪ੍ਰੋਜੈਕਟ ਸਮਾਂ ਬੱਧ ਅਤੇ ਸਮੇਂ–ਸਮੇਂ ਸਿਰ ਜਰੂਰਤ ਅਨੁਸਾਰ ਇਸ Contribution ਵਿਚੋਂ ਖਰਚਾ ਕਰਨ ਦੀ ਪ੍ਰਵਾਨਗੀ ਮਾਨਯੋਗ ਮੇਅਰ ਸਾਹਿਬ ਜੀ ਨੂੰ ਦੇਣ ਦੀ ਸ਼ਿਫਾਰਸ਼ ਕੀਤੀ ਜਾਂਦੀ ਹੈ। ਨਿਗਰਾਨ ਇੰਜੀਨਿਅਰ (ਓ ਐਂਡ ਐਮ) ਵਲੋਂ ਉਕਤ ਤਜ਼ਵੀਜ਼ ਨਗਰ ਨਿਗਮ ਹਾਊਸ ਵਿੱਚ ਵਿਚਾਰਣ ਅਤੇ ਫੈਸਲੇ ਹਿੱਤ ਭੇਜਣ ਦੀ ਸਿਫਾਰਸ਼ ਕੀਤੀ ਹੈ । ਕਮਿਸ਼ਨਰ ਜੀ ਨੇ ਮਿਤੀ 10.2.18 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ।

ਮਾਣਯੋਗ ਮੇਅਰ ਜੀ ਦੇ ਆਦੇਸ਼ ਮਿਤੀ : 24.02.2018 ਰਾਹੀ ਤਜ਼ਵੀਜ਼ ਨਗਰ ਨਿਗਮ ਹਾਊਸ ਵਿੱਚ ਵਿਚਾਰਣ ਅਤੇ ਫੈਸਲੇ ਹਿੱਤ ਪੇਸ਼ ਹੈ ਜੀ।

ਫੈਸਲਾ:

ਪ੍ਰਵਾਨ ਹੈ ।

ਸਹੀ/– ਜਗਦੀਸ਼ ਰਾਜ ਰਾਜਾ, ਮੇਅਰ

5.3.2018

ਮਤਾ ਨੰਬਰ:-18

ਵਿਸ਼ਾ:- ਜ਼ੋਨ ਨੰ: 4 ਵਿੱਚ ਚੱਲ ਰਹੀ ਸੀਵਰ ਜੈਟਿੰਗ ਮਸ਼ੀਨ ਦੀ ਰਿਪੇਅਰ ਬਾਰੇ।

ਤਖਮੀਨਾ ਰੁਪਏ 4,52,480/- (ਸਮੇਤ 28% ਜੀ.ਐਸ.ਟੀ)
ਟੈਂਡਰ ਅਮਾਉਂਟ ਰੁਪਏ 4,29,856/- ਸੇਵਿੰਗ 5%
ਪ੍ਰਾਪਤ ਟੈਂਡਰ = 2 ਅਜੰਸੀ ਦਾ ਨਾਮ:- Quality Hydraulics Pvt.Ltd Ghaziabad.

ਕਾਰਜਕਾਰੀ ਇੰਜੀਨੀਅਰ ਨੇ ਅਪਣੇ ਨੋਟ ਮਿਤੀ 06.02.18 ਰਾਹੀਂ ਲਿਖਿਆ ਹੈ ਕਿ ਜ਼ੋਨ ਨੰ: 4 ਵਿੱਚ ਚੱਲ ਰਹੀ ਸੀਵਰ ਜੈਟਿੰਗ ਮਸ਼ੀਨ ਖਰਾਬ ਹੋ ਗਈ ਸੀ ਅਤੇ ਸੀਵਰੇਜ਼ ਬਲਾਕੇਜ਼ ਸਬੰਧੀ ਸ਼ਿਕਾਇਤ ਦੂਰ ਕਰਨ ਲਈ ਬਹੁਤ ਮੁਸ਼ਕਿਲ ਆ ਰਹੀ ਸੀ। ਇਸ ਨੂੰ ਮੁੱਖ ਰੱਖਦੇ ਹੋਏ ਸੀਵਰ ਜੈਟਿੰਗ ਦੀ ਰਿਪੇਅਰ ਵਾਸਤੇ ਤਖਮੀਨਾ ਰੁਪਏ 4,52,480/- ਦਾ ਤਿਆਰ ਕੀਤਾ ਗਿਆ, ਜਿਸ ਦੀ ਪ੍ਰਵਾਨਗੀ ਹਾਉਸ ਨੇ ਅਪਣੇ ਮਤਾ ਨੰ: 17(4) ਮਿਤੀ 27.12.17 ਰਾਹੀਂ ਦਿੱਤੀ ਸੀ। ਸਥਾਨਕ ਸਰਕਾਰ ਵੱਲੋਂ ਇਸ ਮਤੇ ਦੀ ਪ੍ਰਵਾਨਗੀ ਪ੍ਰਾਪਤ ਹੋ ਗਈ ਹੈ।

ਸੀਵਰ ਜੈਟਿੰਗ ਮਸ਼ੀਨ ਦੀ ਰਿਪੇਅਰ ਵਾਸਤੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਵਾਸਤੇ ਮਿਤੀ 31.01.18 ਲਈ ਮੰਗੇ ਗਏ ਸਨ। ਇਸ ਸਬੰਧੀ ਸਿਰਫ 2 ਟੈਂਡਰ ਪ੍ਰਾਪਤ ਹੋਏ ਹਨ, ਜਿਹਨਾ ਦੀ ਤੁਲਨਾਤਮਕਸੂਚੀ ਤਿਆਰ ਕੀਤੀ ਗਈ, ਉਪਰੋਕਤ ਅਜੰਸੀ ਸੀਵਰ ਜੈਟਿੰਗ ਮਸ਼ੀਨ ਦੀ ਰਿਪੇਅਰ ਵਾਸਤੇ ਸਮਾਨ ਦੀ ਸਪਲਾਈ 5% ਦੀ ਸੇਵਿੰਗ ਨਾਲ ਰੁਪਏ 4,52,480/- ਦੇ ਵਿਰੁੱਧ ਰੁਪਏ 4,29,856/- ਵਿੱਚ ਕਰੇਗੀ। ਸੀਵਰ ਸਿਸਟਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਸੀਵਰ ਮਸ਼ੀਨ ਦੀ ਰਿਪੇਅਰ ਹੋਣੀ ਬਹੁਤ ਜਰੂਰੀ ਹੈ। ਇਹ ਜੈਟਿੰਗ ਮਸ਼ੀਨ ਦੀ ਰਿਪੇਅਰ ਦਾ ਕੰਮ ਤਕਨੀਕੀ ਹੈ ਅਤੇ ਇਹ ਕੰਮ ਕੁਝ ਕੰਪਨੀਆਂ ਹੀ ਕਰਦੀਆਂ ਹਨ। ਜਿਸ ਕਾਰਨ ਟੈਂਡਰ ਘਟ ਪ੍ਰਾਪਤ ਹੋਏ ਹਨ। ਕੰਮ ਅਮਰਜੈਂਸੀ ਹੋਣ ਕਾਰਨ ਮਸ਼ੀਨ ਦੀ ਰਿਪੇਅਰ ਕਰਵਾਈ ਜਾਣੀ ਅਤਿ ਜਰੂਰੀ ਹੈ। ਇਸ ਲਈ ਮੈਸਰਜ਼ Quality Hydraulics Pvt.Ltd Ghaziabad. ਦੇ ਟੈਂਡਰ ਪ੍ਰਵਾਨ ਕਰਨ ਦੀ ਸਿਫਾਰਿਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ ਨੇ ਅਪਣੇ ਨੋਟ ਮਿਤੀ 06.02.18 ਰਾਹੀਂ ਲਿਖਿਆ ਕਿ ਕੰਪਨੀ ਨੂੰ ਰੇਟ ਘੱਟ ਕਰਨ ਲਈ ਕਿਹਾ ਜਾਵੇ। ਕਾਰਜਕਾਰੀ ਇੰਜੀਨੀਅਰ ਨੇ ਅਪਣੇ ਨੋਟ ਮਿਤੀ 08.02.18 ਰਾਹੀਂ ਲਿਖਿਆ ਹੈ ਕਿ ਕੰਪਨੀ ਨੂੰ ਅੱਜ ਨੈਗੋਸਿਏਸ਼ਨ ਕਰਨ ਲਈ ਬੁਲਾਇਆ ਗਿਆ। ਕੰਪਨੀ ਨੇ ਲਿਖ ਕੇ ਦਿੱਤਾ ਹੈ ਕਿ ਜੈਟਿੰਗ ਮਸ਼ੀਨ ਨੂੰ ਰਿਪੇਅਰ ਕਰਨ ਲਈ ਗਾਜ਼ੀਆਬਾਦ ਲਜਾਇਆ ਜਾਵੇਗਾ। ਕੰਪਨੀ ਨੇ ਟਰਾਂਸਪੋਰਟੇਸ਼ਨ ਚਾਰਜਿਜ਼ ਰੁਪਏ 25000/- ਤੋ ਘੱਟ ਕਰਕੇ ਰੁਪਏ 10,000/- ਕੀਤੇ ਹਨ। ਕੰਪਨੀ ਹੁਣ ਰੁਪਏ 4,52,480/- ਦੇ ਤਖਮੀਨੇ ਤੋ ਰੁਪਏ 4,14,856/- ਮਸ਼ੀਨ ਦੀ ਰਿਪੇਅਰ ਕਰੇਗੀ ਅਤੇ ਇਸ ਅਨੁਸਾਰ ਟੈਂਡਰ ਪ੍ਰਵਾਨਗੀ ਹਿੱਤ ਪੇਸ਼ ਕੀਤਾ। ਨਿਗਰਾਨ ਇੰਜੀਨੀਅਰ ਨੇ ਅਪਣੇ ਨੋਟ ਮਿਤੀ 08.02.18 ਰਾਹੀਂ ਉਪਰੋਕਤ ਅਨੁਸਾਰ ਕੰਮ ਅਲਾਟ ਕਰਨ ਹਿੱਤ ਸਿਫਾਰਿਸ਼ ਕੀਤੀ ਹੈ। ਮਾਨਯੋਗ ਕਮਿਸ਼ਨਰ ਜੀ ਨੇ ਅਪਣੇ ਨੋਟ ਮਿਤੀ 08.02.18 ਰਾਹੀਂ ਲਿਖਿਆ ਹੈ ਕਿ (ਸਰਕਾਰ 3 ਤੋ ਘੱਟ ਟੈਂਡਰ ਪ੍ਰਾਪਤ ਹੋਣ ਤੇ ਇਹ ਵਿਚਾਰਿਆ ਜਾ ਸਕਦਾ ਹੈ?)

ਉਪਰੋਕਤ ਦੇ ਜੁਆਬ ਵਿੱਚ ਨਿਗਰਾਨ ਇੰਜੀਨੀਅਰ ਨੇ ਅਪਣੇ ਨੋਟ ਮਿਤੀ 08.02.18 ਰਾਹੀਂ ਲਿਖਿਆ ਕਿ:-

1. ਵਿਸ਼ੇ ਸਬੰਧੀ ਚੀਫ ਇੰਜੀਨੀਅਰ ਸ੍ਰੀ ਧਾਲੀਵਾਲ ਸਾਹਿਬ ਨਾਲ ਗਲਬਾਤ ਕੀਤੀ ਗਈ, ਉਹਨਾ ਵੱਲੋਂ ਦਸਿਆ ਗਿਆ ਹੈ ਕਿ ਨਵਾਂ ਅਕਾਉਂਟ ਕੋਡ ਲਾਗੂ ਹੋ ਚੁਕਾ ਹੈ ਅਤੇ ਇਸ ਅਕਾਉਂਟ ਕੋਡ ਦੀ ਧਾਰਾ 19.3(2) ਅਨੁਸਾਰ ਸਿੰਗਲ ਟੈਂਡਰ ਵੀ ਮੰਜੂਰ ਕੀਤੇ ਜਾ ਸਕਦੇ ਹਨ, ਬਸ਼ਰਤ ਅਸੈਪਟਿੰਗ ਅਥਾਰਟੀ ਇਹ ਸਮਝਦੀ ਹੋਵੇ ਕਿ ਰੇਟ ਕੰਪੀਟੇਟਿਵ ਹਨ। ਇਸ ਕੰਮ ਦੇ ਰੇਟ ਕੰਪੀਟੇਟਿਵ ਹਨ ਜੀ।
2. ਇਹ ਕੰਮ ਜੈਟਿੰਗ ਮਸ਼ੀਨ ਦੀ ਰਿਪੇਅਰ ਦਾ ਹੈ ਅਤੇ ਰਿਪੇਅਰ ਨਾ ਹੋਣ ਕਾਰਨ ਰੋਜ਼ ਮਰਾ ਦੇ ਕੰਮ ਦਾ ਨੁਕਸਾਨ ਹੋ ਰਿਹਾ ਹੈ।
3. ਇਸ ਤਰ੍ਹਾ ਦੀ ਰਿਪੇਅਰ ਦਾ ਕੰਮ ਵਾਲੀ ਕੁਛ ਹੀ ਫਰਮਾਂ ਹਨ, ਆਮ ਠੇਕੇਦਾਰਾਂ ਵੱਲੋਂ ਇਹ ਰਿਪੇਅਰ ਨਹੀ ਕੀਤੀ ਜਾ ਸਕਦੀ ਸੋ ਉਕਤ ਦੇ ਮਦੇਨਜਰ ਕੰਮ ਦੇ ਰੇਟ ਪ੍ਰਵਾਨ ਕਰਨ ਹਿੱਤ ਪੇਸ਼ ਹੈ ਜੀ। ਇਹ ਕੰਮ ਇੰਨਐਂਟੀਸਿਪੇਸ਼ਨ ਅਪਰੂਵਲ ਆਫ ਹਾਉਸ ਪ੍ਰਵਾਨ ਕੀਤਾ ਜਾਵੇ। ਮਾਨਯੋਗ ਕਮਿਸ਼ਨਰ ਜੀ ਨੇ ਅਪਣੇ ਨੋਟ ਮਿਤੀ 08.02.18 ਰਾਹੀਂ ਲਿਖਿਆ ਹੈ ਕਿ " For order to be decided in F&CC"

ਮਾਨਯੋਗ ਮੇਅਰ ਜੀ ਨੇ ਅਪਣੇ ਹੁਕਮ ਮਿਤੀ 09.02.18 ਰਾਹੀਂ ਨਿਗਰਾਨ ਇੰਜੀਨੀਅਰ ਅਤੇ ਕਮਿਸ਼ਨਰ ਜੀ ਦੀ ਸਿਫਾਰਿਸ਼ ਨੂੰ ਮੁੱਖ ਰੱਖਦੇ ਹੋਏ ਇਸ ਟੈਂਡਰ ਦੀ ਇੰਨਐਂਟੀਸਿਪੇਸ਼ਨ ਅਪਰੂਵਲ ਆਫ ਹਾਉਸ ਪ੍ਰਵਾਨਗੀ ਕੀਤੀ ਹੈ। ਅਜੰਸੀ ਨੂੰ ਵਰਕ ਆਰਡਰ ਜਾਰੀ ਕਰ ਦਿੱਤਾ ਗਿਆ ਹੈ।

ਟੈਂਡਰ ਅੰਤਿਮ ਪ੍ਰਵਾਨਗੀ ਲਈ ਨਗਰ ਨਿਗਮ ਹਾਊਸ ਦੀ ਮੀਟਿੰਗ ਵਿੱਚ ਪੇਸ਼ ਹੈ ਜੀ।

ਫੈਸਲਾ:
ਪ੍ਰਵਾਨ ਹੈ ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
5.3.2018

ਮਤਾ ਨੰਬਰ:-19

ਵਿਸ਼ਾ:- ਕਮਲ ਪੈਲਸ ਚੌਂਕ ਤੋਂ ਤਹਿਸੀਲ ਕੰਪਲੈਕਸ ਤੱਕ ਸੜਕ ਨੂੰ ਕਾਰੋਬਾਰੀ ਘੋਸ਼ਿਤ ਕਰਨ (ਅਤੇ ਸਕੀਮ ਦੀ ਰੀ-ਮੋਡੂਲੇਸ਼ਨ) ਕਰਨ ਸਬੰਧੀ ।

ਪੜਿਆ ਨੋਟ ਟਾਊਨ ਪਲੈਨਿੰਗ ਸ਼ਾਖਾ ਜਿਸ ਨਾਲ ਸੀਨਿਅਰ ਟਾਊਨ ਪਲੈਨਰ ਨੇ ਸਹਿਮਤੀ ਪ੍ਰਗਟਾਈ ਹੈ ਕਿ ਉਪਰੋਕਤ ਵਿਸ਼ੇ ਤਹਿਤ ਜਾਣੂ ਕਰਵਾਇਆ ਜਾਂਦਾ ਹੈ ਕਿ ਕਮਲ ਪੈਲਸ ਚੌਂਕ ਤੋਂ ਤਹਿਸੀਲ ਕੰਪਲੈਕਸ ਨੂੰ ਜਾਂਦੀ 60'-0" ਚੋੜੀ ਸੜਕ ਨੂੰ ਕਾਰੋਬਾਰੀ ਘੋਸ਼ਿਤ ਕਰਨ ਸਬੰਧੀ ਕੇਸ ਦਫ਼ਤਰ ਦੇ ਵਿਚਾਰ ਅਧੀਨ ਹੈ ਅਤੇ ਪਹਿਲਾ ਹੀ ਇਸ ਸਬੰਧੀ ਮਤਾ ਨੰ: 431 ਮਿਤੀ 2.12.2011 ਨਗਰ ਨਿਗਮ, ਦੇ ਹਾਊਸ ਵੱਲੋ ਪ੍ਰਵਾਨ ਹੋਣ ਉਪਰੰਤ ਕੇਸ ਸਰਕਾਰ ਨੂੰ ਭੇਜਿਆ ਗਿਆ ਸੀ। ਮਤਾ ਪਾਸ ਉਪਰੰਤ ਸਰਕਾਰ ਵੱਲੋ ਜਾਰੀ ਕੀਤੀਆਂ ਗਈਆਂ ਹਦਾਇਤਾਂ ਦੇ ਅਨੁਸਾਰ ਲੋੜੀਂਦੀ ਕਾਰਵਾਈ ਕਰਦੇ ਹੋਏ ਆਮ ਪਬਲਿਕ ਤੋਂ ਇਤਰਾਜ਼/ਸੁਝਾਅ ਮਿਤੀ : 27.08.2014 ਸ਼ਹਿਰ ਦੀਆਂ ਵੱਖ ਵੱਖ ਅਖਬਾਰਾਂ ਦੇ ਰਾਹੀ ਮੰਗੇਂ ਗਏ ਸਨ ਅਤੇ ਉਸ ਉਪਰੰਤ ਇਸ ਪ੍ਰਵਾਨਿਤ ਕੀਤੇ ਗਏ ਪਬਲਿਕ ਨੋਟਿਸ ਵਿੱਚ ਅੰਸ਼ਿਕ ਸੋਧ ਕਰਦੇ ਹੋਏ ਦੁਬਾਰਾ "Corrigendum" ਪਬਲਿਕ ਨੋਟਿਸ ਮਿਤੀ : 8.08.2017 ਨੂੰ ਪ੍ਰਕਾਸ਼ਿਤ ਕਰਕੇ ਪਬਲਿਕ ਤੋ ਇਤਰਾਜ਼ / ਸੁਝਾਅ ਮੰਗੇਂ ਸਨ ਪਰੰਤੂ ਦਫ਼ਤਰੀ ਰਿਪੋਰਟਾਂ ਦੇ ਅਨੁਸਾਰ ਮਿੱਥੇ ਸਮੇਂ ਦੋਰਾਨ ਕੋਈ ਵੀ ਇਤਰਾਜ਼ / ਸੁਝਾਅ ਪ੍ਰਾਪਤ ਨਹੀਂ ਹੋਇਆ। ਸਰਕਾਰ ਵੱਲੋ ਇਸ ਕੇਸ ਦੇ ਸਬੰਧ ਵਿੱਚ ਮਿਤੀ : 25.11.2014 ਰਾਹੀ ਮੰਗੀ ਗਈ ਰਿਪੋਰਟ ਦੇ ਅਨੁਸਾਰ ਦੱਸਿਆ ਜਾਂਦਾ ਹੈ ਕਿ ਇਸ ਪਲਾਟ ਦੇ ਅੱਗੇ ਲੱਗਦੀ ਸੜਕ ਦੀ ਚੌੜਾਈ 60 ਫੁੱਟ ਹੈ ਅਤੇ ਮਾਸਟਰ ਪਲੈਨ ਦੇ ਉਪਬੰਧਾਂ ਦੇ ਅਨੁਸਾਰ ਇਹ ਏਰੀਆ ਜਿਸ ਵਿੱਚ ਇਹ ਸੜਕ ਪੈਂਦੀ ਹੈ ਉਹ ਰਿਹਾਇਸ਼ੀ ਜ਼ੋਨ ਅਧੀਨ ਪੈਂਦੀ ਹੈ ਅਤੇ ਰਿਹਾਇਸ਼ੀ ਜ਼ੋਨ ਵਿੱਚ ਕਾਰੋਬਾਰੀ ਦੀ ਆਗਿਆ ਦਿੱਤੀ ਜਾ ਸਕਦੀ ਹੈ। ਇਸ ਸੜਕ ਉੱਪਰ ਪਹਿਲਾ ਹੀ ਰਿਹਾਇਸ਼ੀ ਅਤੇ ਕਾਰੋਬਾਰੀ ਉਸਾਰੀਆਂ ਵਿਕਸਿਤ ਹੋ ਚੁੱਕੀਆਂ ਹਨ / ਹੋਂਦ ਵਿੱਚ ਹਨ।ਇਸ ਲਈ ਇਸ ਕੇਸ ਸਬੰਧੀ ਸਰਕਾਰ ਵੱਲੋ ਜਾਰੀ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਇਸ ਸੜਕ ਨੂੰ ਕਾਰੋਬਾਰੀ ਘੋਸ਼ਿਤ ਕਰਨ ਦੀ ਪ੍ਰਵਾਨਗੀ ਲੈਣ ਲਈ ਕੇਸ ਨਗਰ ਨਿਗਮ ਦੇ ਹਾਊਸ ਵਿੱਚ ਮਤੇ ਦੇ ਰੂਪ ਵਿੱਚ ਪੇਸ਼ ਕਰਨ ਅਤੇ ਪ੍ਰਵਾਨ ਕਰਨ ਲਈ ਭੇਜੀ ਜਾਵੇ ਜੀ।ਕਮਿਸ਼ਨਰ ਜੀ ਨੇ ਮਿਤੀ 20.2.18 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮਾਣਯੋਗ ਮੇਅਰ ਜੀ ਦੇ ਆਦੇਸ਼ ਨਾਲ ਤਜਵੀਜ਼ ਨਗਰ ਨਿਗਮ, ਹਾਊਸ ਵਿੱਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹੈ।

ਫੈਸਲਾ:

ਵਿਚਾਰਣ ਉਪਰੰਤ ਸ੍ਰੀ ਮਨਮੋਹਣ ਸਿੰਘ ਰਾਜੂ, ਕੋਂਸਲਰ ਵਲੋਂ ਤਜ਼ਵੀਜ਼ ਕੀਤਾ ਗਿਆ ਜਿਸ ਦੀ ਪੁਸ਼ਟੀ ਸ੍ਰੀ ਬਲਜੀਤ ਸਿੰਘ ਪ੍ਰਿੰਸ, ਕੋਂਸਲਰ ਨੇ ਕੀਤੀ ਕਿ ਇਹ ਸਾਰਾ ਇਲਾਕਾ ਰਿਹਾਇਸ਼ੀ ਹੈ ਇਸ ਲਈ ਇਹ ਮੱਦ ਰੱਦ ਕੀਤੀ ਜਾਵੇ ਜਿਸ ਦੇ ਨਾਲ ਹੀ ਸ੍ਰੀ ਓਮਕਾਰ ਰਾਜੀਵ, ਕੋਂਸਲਰ ਵਲੋਂ ਕਿਹਾ ਗਿਆ ਕਿ ਪਲਾਟ ਨੰ: 299 ਤੋਂ 170-ਡੀ ਨੂੰ ਵੀ ਇਸ ਵਿੱਚ ਸ਼ਾਮਲ ਕੀਤਾ ਜਾਵੇ । ਕਾਫੀ ਰੋਲੇ-ਰੱਪੇ ਉਪਰੰਤ ਮੇਅਰ ਜੀ ਨੇ ਇਸ ਮੱਦ ਨੂੰ ਲੰਬਿਤ ਰੱਖਣ ਦੇ ਆਦੇਸ਼ ਦਿੱਤੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
5.3.2018

ਮਤਾ ਨੰਬਰ:-20

ਵਿਸ਼ਾ :- ਤਜਵੀਜ ਵਾਰਡ ਨੰ: 13 ਦੇ ਮੁਹੱਲੇ ਕ੍ਰਿਸ਼ਨਾ ਸਵੀਟ ਸ਼ਾਪ ਵਾਲੀ ਗਲੀ ਰਾਮਾ ਮੰਡੀ ਵਿੱਚ ਬਣੇ ਕਮਿਊਨਿਟੀ ਹਾਲ ਦਾ ਨਾਂ ਡਾ.ਬੀ.ਆਰ.ਅੰਬੇਡਕਰ ਜੀ ਦੇ ਨਾਂ ਤੇ ਰੱਖਣ ਸਬੰਧੀ।

ਤਜਵੀਜ਼ ਵੱਲੋ ਸ਼੍ਰੀਮਤੀ ਬਿਮਲਾ ਰਾਣੀ, ਕੌਂਸਲਰ ਵਾਰਡ ਨੰ: 13 ਜਿਸ ਦੀ ਪੁਸ਼ਟੀ ਸ਼੍ਰੀ ਮਨਦੀਪ ਕੁਮਾਰ ਜੱਸਲ, ਕੌਂਸਲਰ ਵਾਰਡ ਨੰ: 10 ਨੇ ਕੀਤੀ ਹੈ ਕਿ ਨਗਰ ਨਿਗਮ ਜਲੰਧਰ ਦੇ ਵਾਰਡ ਨੰ: 13 ਦੇ ਅਧੀਨ ਆਉਂਦੇ ਮੁਹੱਲੇ ਕ੍ਰਿਸ਼ਨਾ ਸਵੀਟ ਸ਼ਾਪ ਵਾਲੀ ਗਲੀ ਰਾਮਾ ਮੰਡੀ ਵਿੱਚ ਇੱਕ ਕਮਿਊਨਿਟੀ ਹਾਲ ਬਣਿਆ ਹੋਇਆ ਹੈ ਜਿਸ ਵਿੱਚ ਗਰੀਬ ਤਬਕੇ ਦੇ ਲੋਕ ਆਪਣੇ ਖੁਸ਼ੀ ਅਤੇ ਗਮੀ ਦੇ ਪ੍ਰੋਗਰਾਮ ਕਰਦੇ ਹਨ। ਇਸ ਹਾਲ ਦਾ ਨਾਮ ਡਾ.ਬੀ.ਆਰ.ਅੰਬੇਡਕਰ ਦੇ ਨਾਂ ਤੇ ਰੱਖਿਆ ਜਾਵੇ ਤਾਂ ਜੋ ਇਸ ਕਮਿਊਨਟੀ ਹਾਲ ਨੂੰ ਨਾਮ ਮਿਲ ਸਕੇ। ਇਸ ਹਾਲ ਦਾ ਨਿਰਮਾਣ 10 ਸਾਲ ਪਹਿਲਾ ਉਸ ਸਮੇਂ ਦੇ ਮੇਅਰ ਸ਼੍ਰੀ ਸੁਰਿੰਦਰ ਮਹੇ ਜੀ ਦੇ ਕਾਰਜਕਾਲ ਦੌਰਾਨ ਹੋਇਆ ਸੀ।

ਮਾਣਯੋਗ ਮੇਅਰ ਜੀ ਦੇ ਆਦੇਸ਼ ਮਿਤੀ 12.02.2018 ਰਾਹੀ ਤਜਵੀਜ਼ ਹਾਊਸ ਵਿੱਚ ਵਿਚਾਰਨ ਹਿੱਤ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

5.3.2018

ਮਤਾ ਨੰਬਰ:–21

Subject :- REG. OFFER TO GIVE A READING HALL FOR MUNICIPAL CORPORATION LIBRARY JALANDHAR IN THE TRUST BUILDING.

ਤਜਵੀਜ਼ ਸ਼੍ਰੀਮਤੀ ਉਮਾਂ ਬੇਰੀ ਕੌਂਸਲਰ ਜਿਸ ਦੀ ਪੁਸ਼ਟੀ ਸ਼੍ਰੀ ਪਲਨੀ ਅੱਪਨ ਕੌਂਸਲਰ ਨੇ ਕੀਤੀ ਹੈ ਕਿ ਸ਼੍ਰੀ ਸੁਰਿੰਦਰ ਸੈਣੀ, ਔਨਰੇਰੀ ਸਕੱਤਰ, ਸ਼ਹੀਦ ਬਾਬੂ ਲਾਭ ਸਿੰਘ ਟਰੱਸਟ, 7–ਏ, ਓਲਡ ਜਵਾਹਰ ਨਗਰ ਜਲੰਧਰ ਵੱਲੋ ਉਨ੍ਹਾਂ ਨੂੰ ਬੇਨਤੀ ਕੀਤੀ ਹੈ ਕਿ It is submitted that our "Trust had a 20 marla Land in Central Town, Nehru Garden Road, having a Library Reading Hall in the First Floor. This land is owned by Shaheed Babu Labh Singh Turst vide Tehsildar Jalandhar Office Order No.464 / Reader dt. 12-11-2016. Property Tax of Municipal Corporation Jalandhar of the same building with the Return ID No. 2147513848 / 2013-2014 on the name of Shaheed Babu Labh Singh Trust (exempted). Municipal Corporation Jalandhar can use Reading Hall and adjoining two rooms on the First Floor of the building for its Library. Corporation has to provide books / newspapers / furniture / staff / water, sewerage, electric bill and chowkidar and maintenance etc. of its own for the public use. The name of the Library will be shaheed Babu Labh Singh Trust Municipal Corporation Library Jalandhar" as per resolution of the Trust dated 13-2-2018 in the public interest.

You are requested to take over the Reading Hall and two adjoining rooms for Municipal Corporation Library of Firt Floor.

ਮਾਣਯੋਗ ਮੇਅਰ ਜੀ ਦੇ ਆਦੇਸ਼ ਨਾਲ ਤਜਵੀਜ਼ ਨਗਰ ਨਿਗਮ, ਹਾਊਸ ਵਿੱਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ ।

ਸਹੀ/– ਜਗਦੀਸ਼ ਰਾਜ ਰਾਜਾ, ਮੇਅਰ

5.3.2018

ਮਤਾ ਨੰਬਰ:-22

ਵਿਸ਼ਾ: ਡਾਗ/ਕੈਟਲ ਕੈਚਰਾਂ (ਸੀਵਰਮੈਂਨਾਂ) ਨੂੰ ਸਰਕਾਰ ਦੇ ਸੋਧੇ ਹੋਏ ਡੀ.ਸੀ. ਰੇਟ ਅਨੁਸਾਰ ਤਨਖਾਹ ਦੇਣ ਦੀ ਪ੍ਰਵਾਨਗੀ ਦੇ ਸਬੰਧ ਵਿੱਚ।

ਪੜਿਆ ਨੋਟ ਸਿਹਤ ਅਫ਼ਸਰ ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਨਗਰ ਨਿਗਮ, ਜਲੰਧਰ ਦੀ ਓ.ਐਂਡ ਐਂਮ ਸ਼ਾਖਾ ਵਲੋਂ ਡੀ.ਸੀ. ਰੇਟ ਤੇ ਭਰਤੀ ਕੀਤੇ ਗਏ ਆਰਜੀ ਸੀਵਰਮੈਂਨਾਂ ਵਿਚੋਂ ਪੰਜ ਕਰਮਚਾਰੀ ਅਵਾਰਾ ਕੁੱਤਿਆਂ ਅਤੇ ਪਸ਼ੂਆਂ ਨੂੰ ਫੜਨ ਹਿੱਤ ਰੱਖੇ ਗਏ ਹਨ।ਇਹਨਾਂ ਪੰਜ ਕਰਮਚਾਰੀਆਂ ਨੂੰ ਡੀ.ਸੀ. ਰੇਟ ਰੁ:7600/-ਪ੍ਰਤੀ ਮਹੀਨਾ ਦੇ ਹਿਸਾਬ ਨਾਲ ਤਨਖਾਹ ਮਤਾ ਨੰ: 102 ਮਿਤੀ 05.12.2016 ਤਹਿਤ ਦਿਤੀ ਜਾ ਰਹੀ ਸੀ।ਜਿਸ ਦੀ ਮੰਨਜੂਰੀ 7600 x 5 =38000 x 12= 456000/- ਮਿਤੀ 11.04.2017 ਤੋਂ 12.04.2018 ਤੱਕ ਇਕ ਸਾਲ ਦੀ ਮਾਨਯੋਗ ਹਾਊਸ ਤੋਂ ਲਈ ਗਈ ਸੀ ਜ਼ੋ ਕਿ ਮਿਤੀ 12.04.2018 ਨੂੰ ਸਮਾਪਤ ਹੋ ਰਹੀ ਹੈ।

ਕਿਉਂਜੋ ਇਹਨਾਂ ਕਰਮਚਾਰੀਆਂ ਨੂੰ ਦਿਤੀ ਜਾ ਰਹੀ ਤਨਖਾਹ ਦੀ ਅਦਾਇਗੀ ਪੰਜਾਬ ਸਰਕਾਰ ਵਲੋਂ ਫਿਕਸ ਕੀਤੇ ਪੁਰਾਣੇ ਡੀ.ਸੀ. ਰੇਟ 7600/- ਅਨੁਸਾਰ ਕੀਤੀ ਜਾ ਰਹੀ ਸੀ।ਪਰ ਹੁਣ ਸਰਕਾਰ ਦੇ ਪੱਤਰ ਨੰ:ਐਸ.ਟੀ./24931 ਮਿਤੀ 11.10.2017 ਰਾਹੀਂ ਦਰਜਾ ਡੀ ਕਰਮਚਾਰੀਆਂ ਦੇ ਸੋਧੇ ਹੋਏ ਰੇਟ ਰੁ:8423.50 ਪ੍ਰਤੀ ਮਹੀਨਾ (ਪੱਤਰ ਦੀ ਫੋਟੋ ਕਾਪੀ ਨੱਥੀ) ਦੇ ਹਿਸਾਬ ਨਾਲ ਇਹਨਾਂ ਪੰਜ ਕਰਮਚਾਰੀਆਂ ਨੂੰ 8423.50 x 5 = 42117.50 x 12 =505410/- ਅਤੇ ਇੰਮਪਲਾਇਰ ਸ਼ੇਅਰ ਵਜੋਂ ਈ.ਪੀ.ਐਫ 13.61% ਅਤੇ ਈ.ਐਸ.ਆਈ 4.75% ਅਨੁਸਾਰ 8423.50 x 13.61% =1146 ਅਤੇ ਈ.ਐਸ.ਆਈ. 8423.50 x 4.75% = 400 ਕੁਲ 1546 x 5 = 7730 x 12 = 92760/- ਤਨਖਾਹ ਦੇਣੀ ਬਣਦੀ ਹੈ। ਇਸ ਲਈ ਮਿਤੀ 12.04.2018 ਤੋਂ 11.04.2019 ਤੱਕ ਇਹਨਾਂ ਪੰਜ ਕਰਮਚਾਰੀਆਂ ਨੂੰ ਇਕ ਸਾਲ ਲਈ ਦਿੱਤੀ ਜਾਣ ਵਾਲੀ ਤਨਖਾਹ 505410 + 92760 = 598170/- ਦੀ ਪ੍ਰਵਾਨਗੀ ਮਾਨਯੋਗ ਹਾਊਸ ਤੋਂ ਪ੍ਰਾਪਤ ਕਰਨ ਲਈ ਇਹ ਮਿਸਲ ਉਚ ਅਧਿਕਾਰੀਆਂ ਨੂੰ ਭੇਜੀ ਜਾਵੇ ਜੀ। ਮਾਨਯੋਗ ਕਮਿਸ਼ਨਰ ਜੀ ਨੇ ਮਿਤੀ : **1.3.2018** ਰਾਹੀਂ ਤਜਵੀਜ ਹਾਊਸ ਵਿਚ ਵਿਚਾਰਣ ਹਿਤ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ : 1.3.2018 ਰਾਹੀਂ ਤਜਵੀਜ ਹਾਊਸ ਵਿਚ ਵਿਚਾਰਣ ਹਿਤ ਪੇਸ਼ ਹੈ ਜੀ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

5.3.2018

ਮਤਾ ਨੰਬਰ:-23

ਵਿਸਾ:- ਓ.ਐਂਡ.ਐਮ ਸ਼ਾਖਾ ਦੇ ਜੋਨ ਨੰਬਰ 1 ਅਧੀਨ ਪੈਂਦੇ ਵਾਰਡ ਨੰਬਰ 17, 50, 51, 52, 53, 54, 55, 56, 65, 66 ਅਤੇ 67 (ਕੁੱਲ 11 ਵਾਰਡ) ਵਿੱਚ ਵਾਟਰ ਸਪਲਾਈ ਅਤੇ ਸੀਵਰੇਜ ਨਾਲ ਸਬੰਧਤ ਰੱਖ-ਰਖਾਵ ਦੇ ਕੰਮ ਕਰਵਾਉਣ ਵਾਸਤੇ ਸਲਾਨਾਂ ਤਖਮੀਨੇ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦਸਿਆ ਜਾਂਦਾ ਹੈ ਕਿ ਜੋਨ ਨੰਬਰ 1 ਪ੍ਰਤਾਪ ਬਾਗ ਅਧੀਨ ਪੈਂਦੇ ਵਾਰਡ ਨੰਬਰ 17, 50, 51, 52, 53, 54, 55, 56, 65, 66 ਅਤੇ 67 (ਕੁੱਲ 11 ਵਾਰਡ) ਵਿੱਚ ਰੋਜਾਨਾਂ ਆਉਣ ਵਾਲੀਆਂ ਵਾਟਰ ਸਪਲਾਈ ਅਤੇ ਸੀਵਰੇਜ ਨਾਲ ਸਬੰਧਤ ਸ਼ਿਕਾਇਤਾਂ ਨੂੰ ਦੂਰ ਕਰਨ ਲਈ ਇਨ੍ਹਾਂ ਦੇ ਰੱਖ-ਰਖਾਵ ਦੇ ਜਰੂਰੀ ਕੰਮ ਕਰਵਾਉਣੇ ਪੈਂਦੇ ਹਨ, ਜਿਨ੍ਹਾਂ ਵਿੱਚ ਵਾਟਰ ਸਪਲਾਈ ਅਤੇ ਸੀਵਰੇਜ ਦੇ ਟੁੱਟੇ ਹੋਏ ਪਾਇਪ, ਮੈਨ ਹੋਲ ਕਵਰ ਫਰੇਮ, ਮੈਨਹੋਲਾਂ ਦੀ ਰਿਪੇਅਰ ਅਤੇ ਰੋਡ ਗਲੀਆਂ ਆਦਿ ਦੀ ਰਿਪੇਅਰ ਸ਼ਾਮਿਲ ਹੈ। ਇਸ ਲਈ ਜੋਨ ਨੰਬਰ 1 ਅਧੀਨ ਪੈਂਦੇ ਹੇਠ ਲਿਖੇ ਵਾਰਡਾਂ ਵਿੱਚ ਰੁਪਏ 3.50 ਲੱਖ ਪ੍ਰਤੀ ਵਾਰਡ ਦੇ ਹਿਸਾਬ ਨਾਲ ਵਿਭਾਗ ਵਲੋਂ ਤਖਮੀਨੇ ਤਿਆਰ ਕੀਤੇ ਗਏ ਹਨ, ਜਿਨ੍ਹਾਂ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਤੋਂ ਲੋੜੀਂਦੀ ਹੈ, ਪ੍ਰਵਾਨਗੀ ਹੋਣ ਉਪਰੰਤ ਜੋਨ ਅਧੀਨ ਪੈਂਦੇ ਵੱਖ-ਵੱਖ ਵਾਰਡਾਂ ਦੇ ਕੰਮਾਂ ਲਈ ਅਖਬਾਰਾਂ ਰਾਹੀਂ ਰੂਲਾਂ ਅਨੁਸਾਰ ਟੈਂਡਰ ਲਗਾ ਕੇ ਅਤੇ ਟੈਂਡਰਾਂ ਦੀ ਪ੍ਰਵਾਨਗੀ ਉਪਰੰਤ ਘੱਟ ਰੇਟਾਂ ਵਾਲੀ ਫਰਮ ਤੋਂ ਸਪੈਸੀਫਿਕੇਸ਼ਨਾਂ ਅਤੇ ਤਖਮੀਨੇ ਨਾਲ ਲਗਾਏ ਗਏ ਪ੍ਰਵਾਨਿਤ ਅਨੈਲਸਿਜ ਅਤੇ ਲਿਸਟਾਂ ਅਨੁਸਾਰ ਕੰਮ ਕਰਵਾਇਆ ਜਾਵੇਗਾ। ਜੇਕਰ ਇਨ੍ਹਾਂ ਕੰਮਾਂ ਤੇ GST ਲਾਗੂ ਹੋਵੇਗਾ ਤਾਂ ਉਸ ਦੀ ਅਦਾਇਗੀ ਸਰਕਾਰ ਦੇ ਨਿਯਮਾਂ/ਰੂਲਾਂ ਮੁਤਾਬਿਕ ਕੀਤੀ ਜਾਵੇਗੀ।

ਲੜੀ ਨੰ:	ਕੰਮ ਦਾ ਵੇਰਵਾ	ਤਖਮੀਨਾ ਰੁਪਏ
1	ਸੀਵਰੇਜ ਅਤੇ ਵਾਟਰ ਸਪਲਾਈ ਦੇ ਰੱਖ-ਰਖਾਵ ਬਾਰੇ ਤਖਮੀਨਾਂ ਵਾਰਡ ਨੰਬਰ 17	ਰੁਪਏ 3.50 ਲੱਖ
2	ਸੀਵਰੇਜ ਅਤੇ ਵਾਟਰ ਸਪਲਾਈ ਦੇ ਰੱਖ-ਰਖਾਵ ਬਾਰੇ ਤਖਮੀਨਾਂ ਵਾਰਡ ਨੰਬਰ 50	ਰੁਪਏ 3.50 ਲੱਖ
3	ਸੀਵਰੇਜ ਅਤੇ ਵਾਟਰ ਸਪਲਾਈ ਦੇ ਰੱਖ-ਰਖਾਵ ਬਾਰੇ ਤਖਮੀਨਾਂ ਵਾਰਡ ਨੰਬਰ 51	ਰੁਪਏ 3.50 ਲੱਖ
4	ਸੀਵਰੇਜ ਅਤੇ ਵਾਟਰ ਸਪਲਾਈ ਦੇ ਰੱਖ-ਰਖਾਵ ਬਾਰੇ ਤਖਮੀਨਾਂ ਵਾਰਡ ਨੰਬਰ 52	ਰੁਪਏ 3.50 ਲੱਖ
5	ਸੀਵਰੇਜ ਅਤੇ ਵਾਟਰ ਸਪਲਾਈ ਦੇ ਰੱਖ-ਰਖਾਵ ਬਾਰੇ ਤਖਮੀਨਾਂ ਵਾਰਡ ਨੰਬਰ 53	ਰੁਪਏ 3.50 ਲੱਖ
6	ਸੀਵਰੇਜ ਅਤੇ ਵਾਟਰ ਸਪਲਾਈ ਦੇ ਰੱਖ-ਰਖਾਵ ਬਾਰੇ ਤਖਮੀਨਾਂ ਵਾਰਡ ਨੰਬਰ 54	ਰੁਪਏ 3.50 ਲੱਖ
7	ਸੀਵਰੇਜ ਅਤੇ ਵਾਟਰ ਸਪਲਾਈ ਦੇ ਰੱਖ-ਰਖਾਵ ਬਾਰੇ ਤਖਮੀਨਾਂ ਵਾਰਡ ਨੰਬਰ 55	ਰੁਪਏ 3.50 ਲੱਖ
8	ਸੀਵਰੇਜ ਅਤੇ ਵਾਟਰ ਸਪਲਾਈ ਦੇ ਰੱਖ-ਰਖਾਵ ਬਾਰੇ ਤਖਮੀਨਾਂ ਵਾਰਡ ਨੰਬਰ 56	ਰੁਪਏ 3.50 ਲੱਖ
9	ਸੀਵਰੇਜ ਅਤੇ ਵਾਟਰ ਸਪਲਾਈ ਦੇ ਰੱਖ-ਰਖਾਵ ਬਾਰੇ ਤਖਮੀਨਾਂ ਵਾਰਡ ਨੰਬਰ 65	ਰੁਪਏ 3.50 ਲੱਖ
10	ਸੀਵਰੇਜ ਅਤੇ ਵਾਟਰ ਸਪਲਾਈ ਦੇ ਰੱਖ-ਰਖਾਵ ਬਾਰੇ ਤਖਮੀਨਾਂ ਵਾਰਡ ਨੰਬਰ 66	ਰੁਪਏ 3.50 ਲੱਖ
